# ਸੱਪ ਦਾ ਬੀਜ

ਪਿਆਰੇ ਪਰਮੇਸ਼ੁਰ, ਮਹਾਨ ਅਤੇ ਸ਼ਕਤੀਸ਼ਾਲੀ ਪਰਮੇਸ਼ੁਰ, ਜਿਸ ਨੇ ਆਪਣੀ ਆਤਮਾ ਦੀ ਸਮਰੱਥਾ ਨਾਲ ਸਾਰੀਆਂ ਚੀਜ਼ਾਂ ਬਣਾਈਆਂ, ਅਤੇ ਯਿਸੂ ਮਸੀਹ ਨੂੰ ਲਿਆਇਆ, ਉਸਦਾ ਇਕਲੌਤਾ ਪੁੱਤਰ, ਜੋ ਸਵੈ ਇੱਛਾ ਨਾਲ ਅਸਾਂ ਸਭਨਾਂ ਪਾਪੀਆਂ ਲਈ ਮਰਿਆ, ਅਧਰਮੀਆਂ ਲਈ ਧਰਮੀ, ਸਾਡਾ ਇਸ ਸ਼ਾਨਦਾਰ ਸੰਗਤੀ ਨਾਲ ਦੁਬਾਰਾ ਮੇਲ ਕਰਾਉਣ ਲਈ ਜੋ ਸਾਡੇ ਕੋਲ ਫਿਰ ਤੋਂ ਪਰਮੇਸ਼ੁਰ ਦੇ ਨਾਲ ਹੈ, ਜਿਵੇਂ ਸਾਨੂੰ ਮੁਬਾਰਕ ਵਚਨ ਵਿੱਚ ਸਾਨੂੰ ਸਿਖਾਉਂਦਾ ਹੈ, ਕਿ ਜਗਤ ਦੀ ਨੀਂਹ ਤੋਂ ਪਹਿਲਾਂ ਸਾਡੀ ਉਸ ਨਾਲ ਸੰਗਤੀ ਸੀ: "ਜਦੋਂ ਸਵੇਰ ਦੇ ਤਾਰੇ ਇਕੱਠੇ ਗਾਉਂਦੇ ਸਨ, ਅਤੇ ਪਰਮੇਸ਼ੁਰ ਦੇ ਪੁੱਤਰ ਜੈਕਾਰੇ ਗਜਾਉਂਦੇ ਸਨ, ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ।" ਅਸੀਂ ਕਿਵੇਂ ਜਾਣਦੇ ਹਾਂ ਕਿ ਇਹ ਉਹੀ ਸਮਾਂ ਨਹੀਂ ਸੀ ਜਦੋਂ ਲੇਲੇ ਨੂੰ ਘਾਤ ਕੀਤਾ ਗਿਆ ਸੀ; ਕਿ ਜਦੋਂ ਪਰਮੇਸ਼ੁਰ, ਆਪਣੇ ਮਹਾਨ ਵਿਚਾਰਾਂ ਵਿੱਚ, ਸਾਨੂੰ ਯਿਸੂ ਦੁਆਰਾ ਆਪਣੀ ਮੁਕਤੀ ਵਿੱਚ ਰੌਲਾ ਪਾਉਂਦੇ ਅਤੇ ਅਨੰਦ ਹੁੰਦੇ ਵੇਖਿਆ?

2 ਅਤੇ, ਅੱਜ ਰਾਤ, ਸਾਨੂੰ ਉਸ ਮਹਾਨ ਮਹਿਮਾ ਦਾ ਬਸ ਥੋੜਾ ਜਿਹਾ ਸੁਆਦ ਮਿਲਿਆ ਹੈ ਜੋ ਉਸਦੀ ਦੂਸਰੀ ਆਮਦ ਤੇ ਪ੍ਰਗਟ ਹੋਵੇਗਾ। ਸਾਰੇ ਰੋਗ ਅਤੇ ਦੁੱਖ ਦੂਰ ਹੋ ਜਾਣਗੇ। ਫਿਰ ਸਾਡੇ ਕੋਲ ਉਸਦੀ ਮਹਿਮਾਮਈ ਸਰੀਰ ਵਰਗਾ ਸਰੀਰ ਹੋਵੇਗਾ, ਕਿਉਂਕਿ ਅਸੀਂ ਉਸਨੂੰ ਉਸੇ ਤਰ੍ਹਾਂ ਦੇਖਾਂਗੇ ਜਿਵੇਂ ਉਹ ਹੈ। ਇੱਥੇ ਜਦੋਂ ਅਸੀਂ ਆਪਣੇ ਹੱਥਾਂ ਨੂੰ ਸੁੱਕਦੇ ਹੋਏ ਵੇਖਦੇ ਹਾਂ, ਸਾਡੇ ਵਾਲ ਪੱਕ ਰਹੇ ਹਨ, ਅਤੇ ਮੋਢੇ ਝੁਕ ਰਹੇ ਹਨ, ਅਸੀਂ ਜਾਣਦੇ ਹਾਂ ਕਿ ਅਸੀਂ ਨਾਸ਼ਵਾਨ ਹਾਂ ਅਤੇ ਉਸ ਧੂੜ ਵੱਲ ਜਾ ਰਹੇ ਹਾਂ ਜਿਸ ਵੱਲ ਸਾਡੇ ਸਿਰ ਹੁਣ ਝੁਕੇ ਹੋਏ ਹਨ, ਅਤੇ ਜਿਸ ਵਿੱਚੋਂ ਅਸੀਂ ਆਏ ਹਾਂ। ਪਰ, ਪ੍ਰਭੂ ਪਰਮੇਸ਼ੁਰ, ਜਿਵੇਂ ਕਿ ਇਹ ਨਿਸਚਿਤ ਹੈ ਕਿ ਤੁਸੀਂ ਪਰਮੇਸ਼ੁਰ ਹੋ, ਤੁਸੀਂ ਇੱਕ ਵਾਅਦਾ ਕੀਤਾ ਸੀ ਕਿ ਅਸੀਂ ਅੰਤ ਦੇ ਦਿਨਾਂ ਵਿੱਚ ਦੁਬਾਰਾ ਜੀ ਉਠਾਏ ਜਾਵਾਂਗੇ, ਅਤੇ ਅਸੀਂ ਇਸ ਵਿੱਚ ਵਿਸ਼ਵਾਸ ਕਰਦੇ ਹਾਂ।

3 ਅਸੀਂ ਅੱਜ ਰਾਤ ਨੂੰ ਤੁਹਾਡੀ ਹਜ਼ੂਰੀ ਵਿੱਚ ਆਪਣੇ ਵਿਸ਼ਵਾਸ ਨਾਲ ਖੜੇ ਹਾਂ, ਦਲੇਰੀ ਨਾਲ ਆਉਂਦੇ ਹਾਂ ਕਿਉਂਕਿ ਯਿਸੂ ਨੇ ਸਾਨੂੰ ਅਜਿਹਾ ਕਰਨ ਲਈ ਕਿਹਾ ਹੈ। ਕਿਸੇ ਵੀ ਚੰਗੇ ਕੰਮ ਉੱਤੇ ਨਹੀਂ ਜੋ ਅਸੀਂ ਕੀਤਾ ਹੈ, ਕਿਉਂਕਿ ਅਸੀਂ ਕੁਝ ਵੀ ਸਹੀ ਨਹੀਂ ਕੀਤਾ ਹੈ; ਪਰ ਅਸੀਂ ਨਿਮਰਤਾ ਨਾਲ ਆਉਂਦੇ ਹਾਂ, ਇਹ ਦਾਅਵਾ ਕਰਦੇ ਹੋਏ ਕਿ ਅਸੀਂ ਇਸ ਖਜ਼ਾਨੇ ਦੇ ਮਾਲਕ ਹਾਂ ਉਸ ਦੀ ਕਿਰਪਾ

ਦੇ ਕਾਰਨ ਜੋ ਸਾਨੂੰ ਬਖਸ਼ੀ ਗਈ ਹੈ। ਇਸ ਲਈ, ਅਸੀਂ ਇਹ ਮੰਗਦੇ ਹੋਏ ਆਉਂਦੇ ਹਾਂ ਕਿ ਤੁਸੀਂ ਅੱਜ ਰਾਤ ਸਾਨੂੰ ਵਚਨ ਨੂੰ ਅੱਗੇ ਲਿਆਉਣ ਵਿੱਚ ਅਸੀਸ ਦਿਓਗੇ। ਕਿਉਂ ਜੋ ਇਹ ਲਿਖਿਆ ਹੋਇਆ ਹੈ, ਕਿ, "ਮਨੁੱਖ ਸਿਰਫ਼ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ, ਸਗੋਂ ਹਰੇਕ ਉਸ ਵਚਨ ਨਾਲ ਜਿਹੜਾ ਪਰਮੇਸ਼ੁਰ ਦੇ ਮੂੰਹੋਂ ਨਿੱਕਲਦਾ ਹੈ।" ਅਤੇ ਹੋਣ ਦੇ ਕਿ ਅੱਜ ਰਾਤ ਪਰਮੇਸ਼ੁਰ ਦਾ ਮੂੰਹ ਬੋਲੇ। ਵਚਨਾਂ ਨੂੰ ਅੱਗੇ ਆਉਣ ਦਿਓ, ਅਤੇ ਹੋਣ ਦੇ ਕਿ ਇਹ ਸਾਡੇ ਸੁਣਨ ਵਾਲਿਆਂ ਦੇ, ਦਿਲਾਂ ਦੀ ਡੂੰਘਾਈ ਵਿੱਚ ਚਲੇ ਜਾਣ, ਅਤੇ ਤੁਹਾਡੀ ਆਤਮਾ ਅਤੇ ਤੁਹਾਡੀ ਹਜੂਰੀ ਨਾਲ ਭਰ ਜਾਣ। ਕਿਉਂਕਿ ਅਸੀਂ ਇਸਨੂੰ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

4 ਅੱ—ਅੱਜ ਅਤੇ ਕੱਲ੍ਹ, ਸਗੋਂ, ਪਿਛਲੀ ਰਾਤ, ਅਤੇ ਅੱਜ, ਅਸੀਂ ਇਸ ਵਿਸ਼ੇ ਤੇ ਬੋਲ ਰਹੇ ਹਾਂ, ਪਹਿਲਾਂ, ਇਸ ਨੂੰ ਸਿਰੇ ਚੜ੍ਹਾਉਣ ਲਈ, *ਅਸੀਂ ਇੱਕ ਨਾਮਧਾਰੀ ਕਲੀਸਿਯਾ ਕਿਉਂ ਨਹੀਂ ਹਾਂ।* ਅਤੇ ਅਸੀਂ ਇਸਨੂੰ ਬਹੁਤ ਜੋਰਦਾਰ ਤਰੀਕੇ ਨਾਲ ਦੱਸਿਆ ਕਿ, ਅਸੀਂ ਇੱਕ ਨਾਮਧਾਰੀ ਕਲੀਸਿਯਾ ਕਿਉਂ ਨਹੀਂ ਹਾਂ, ਅਤੇ ਅਸੀਂ ਨਾਮਧਾਰੀ ਕਲੀਸਿਯਾ ਵਿੱਚ ਵਿਸ਼ਵਾਸ ਕਿਉਂ ਨਹੀਂ ਕਰਦੇ ਹਾਂ। ਕਿਉਂਕਿ, ਅਸੀਂ ਬਾਈਬਲ ਵਿਚ ਇਹ ਪਾਉਂਦੇ ਹਾਂ, ਕਿ ਨਾਮਧਾਰੀ ਗਿਰਜੇ ਕਦੇ ਵੀ ਪਰਮੇਸ਼ੁਰ ਵੱਲੋਂ ਠਹਿਰਾਏ ਨਹੀਂ ਗਏ ਸਨ; ਇਹ ਸ਼ੈਤਾਨ ਦੁਆਰਾ ਠਹਿਰਾਏ ਗਏ ਸਨ; ਅਤੇ ਬਾਈਬਲ ਦੁਆਰਾ ਇਸ ਨੂੰ ਸਾਬਤ ਕੀਤਾ। ਅਤੇ ਕਿਵੇਂ ਇਹ, ਨਾਮਧਾਰੀ ਗਿਰਜਿਆਂ ਰਾਹੀਂ, ਅਸ਼ੁੱਧਤਾ ਨੂੰ ਅੱਗੇ ਲਿਆਉਂਦਾ ਹੈ। ਹੁਣ ਅਸੀਂ ਇਸ ਨੂੰ ਸੁਧਾਰ ਲਈ ਅਤੇ ਇਸ ਡੇਰੇ ਨੂੰ ਪਰਮੇਸ਼ੁਰ ਦੇ ਮੁਬਾਰਕ ਵਚਨ ਦੇ ਦੁਆਲੇ ਸੰਗਤੀ ਵਿੱਚ ਲਿਆਉਣ ਲਈ ਕਹਿ ਰਹੇ ਹਾਂ। ਇਹ ਕਿ, ਸਾਡੀਆਂ ਉਮੀਦਾਂ ਇਸ ਗੱਲ ਵਿੱਚ ਨਹੀਂ ਟਿੱਕਿਆਂ ਹਨ ਕਿ ਨਾਮਧਾਰੀ ਗਿਰਜਾ ਕੀ ਕਹਿੰਦਾ ਹੈ, ਜਾਂ ਕੋਈ ਮਨੁੱਖ ਕੀ ਕਹਿੰਦਾ ਹੈ; ਇਹ ਉਸ ਉੱਤੇ ਟਿੱਕਿਆਂ ਹਨ ਜੋ ਪ੍ਰਭੂ ਪਰਮੇਸ਼ੁਰ ਨੇ ਕਿਹਾ ਹੈ। ਅਤੇ ਇਹੀ ਇੱਕੋ ਇੱਕ ਤਰੀਕਾ ਹੈ ਜਿਸ ਨਾਲ ਸਾਡਾ ਸਹੀ ਢੰਗ ਨਾਲ ਸੁਧਾਰ ਕੀਤਾ ਜਾ ਸਕਦਾ ਹੈ।

5 ਅਤੇ ਅੱਜ ਸਵੇਰੇ, ਮੇਰੇ ਕੋਲ ਪੰਜ, ਮੇਰਾ ਮੰਨਣਾ ਹੈ, ਵੱਖੋ-ਵੱਖਰੇ ਲੇਖ ਸਨ ਜੋ ਨਾਮਧਾਰੀ ਗਿਰਜਿਆਂ ਤੋਂ ਆਏ ਹਨ, ਜਿਸ ਬਾਰੇ ਬਾਈਬਲ ਵਿਚ ਬਿਲਕੁਲ ਵੀ ਨਹੀਂ ਕਿਹਾ ਗਿਆ ਹੈ, ਜਿਸ ਦੇ ਅੱਗੇ ਪ੍ਰੋਟੈਸਟੈਂਟ ਕਲੀਸਿਯਾ ਝੁੱਕ ਰਹੀ ਹੈ, ਅਤੇ ਸਿਧਾਂਤ ਲਈ ਸਿੱਖਿਆ: ਉਹੀ ਗੱਲ ਜੋ ਬੁੱਢੀ ਮਾਂ ਵੇਸਵਾ, ਕੈਥੋਲਿਕ ਕਲੀਸਿਯਾ ਪ੍ਰਚਾਰ ਕਰਦੀ ਹੈ, ਅਤੇ ਪ੍ਰੋਟੈਸਟੈਂਟ ਕਲੀਸਿਯਾ ਵਿੱਚ ਆ ਗਈ ਹੈ। ਅਤੇ ਅਸੀਂ ਉਸੇ ਚੀਜ਼ ਅੱਗੇ ਝੁੱਕ ਰਹੇ ਹਾਂ ਜੋ ਹਰ ਥਾਂ ਤੇ ਪਰਮੇਸ਼ੁਰ ਦੇ ਵਚਨ ਦੇ ਉਲਟ ਹੈ।

6 ਪਹਿਲੀ ਨਾਮਧਾਰੀ ਕਲੀਸਿਯਾ, ਅਸੀਂ ਇਸ ਨੂੰ ਅੱਜ ਦੁਪਹਿਰ ਨਾਈਸਿਨ ਕਲੀਸਿਯਾ ਦੇ ਪਿਤਾਵਾਂ ਦੇ ਇਤਿਹਾਸ ਵਿੱਚ ਦੇਖਿਆ, ਨਾਈਸਿਨ ਕਲੀਸਿਯਾ ਦੇ। ਰਸੂਲਾਂ ਦੀ ਮੌਤ ਤੋਂ ਬਾਅਦ, ਨਾਈਸਿਨ ਬਜੁਰਗ ਨਿਯੁਕਤ ਕੀਤੇ ਗਏ ਸਨ, ਅਤੇ ਉਹ ਕਈ ਸਾਲਾਂ ਤੱਕ ਚੱਲਦੇ ਰਹੇ। ਤਿੰਨ ਸੌ ਅਤੇ ਪੱਚੀ ਸਾਲ, ਅੰਤ ਨਾਈਸਿਨ ਤਕ—ਤਕ ਆ ਗਏ, ਫਰਾਂਸ, ਜਿੱਥੇ ਉਨ੍ਹਾਂ ਕੋਲ ਵੱਡੀ ਨਾਈਸਿਨ ਪਰਿਸ਼ਦ ਸੀ। ਅਤੇ ਉੱਥੇ ਉਨ੍ਹਾਂ ਨੇ ਇਹ ਸਿਧਾਂਤ ਬਣਾਏ ਜੋ ਹੁਣ ਕੈਥੋਲਿਕ ਕਲੀਸਿਯਾ ਕੋਲ ਹਨ, ਅਤੇ ਇਹ ਪ੍ਰੋਟੈਸਟੈਂਟਾਂ ਨੂੰ ਵੀ ਸੌਂਪ ਦਿੱਤੇ ਗਏ ਹਨ।

7 ਅਤੇ ਜਿਵੇਂ ਮੈਂ ਅੱਜ ਸਵੇਰੇ ਸਿਖਾਉਂਦੇ ਹੋਏ—ਹੋਏ ਕਿਹਾ ਸੀ, “ਉਨ੍ਹਾਂ ਵਿੱਚੋਂ ਹਰੇਕ ਕਲੀਸਿਯਾ ਯੁੱਗ ਵਿੱਚ, ਉਸ ਤੱਕ—ਉਸ ਥੱਸਲੁਨੀਕੀਆ ਕਲੀਸਿਯਾ ਦੇ ਯੁੱਗ ਤੱਕ, ਪੰਦਰਾਂ ਸੌ ਸਾਲਾਂ ਦੇ ਹਨੇਰੇ ਯੁੱਗ ਵਿੱਚ, ਇੱਕ ਵਾਰ ਵੀ ਨਹੀਂ ਪਰ ਉੱਥੇ ਹੀ ਉਸਨੇ ਕਿਹਾ ਸੀ, ‘ਤੁਹਾਡੇ ਕੋਲ ਅਜੇ ਵੀ ਮੇਰਾ ਨਾਮ ਹੈ।’”

8 ਅਤੇ ਇਸ ਦੂਜੇ ਪਾਸੇ, ਉਹ ਹੁਣ ਮਸੀਹ ਵਿੱਚ ਨਹੀਂ ਸਨ, ਉਹ ਇੱਕ ਨਾਮਧਾਰੀ ਕਲੀਸਿਯਾ ਦੇ ਨਾਮ ਵਿੱਚ ਢੱਲ ਗਏ ਸਨ, “ਕੈਥੋਲਿਕ, ਲੂਥਰ, ਵੈਜ਼ਲੀ, ਬੈਪਟਿਸਟ, ਪ੍ਰੈਸਬੀਟੇਰੀਅਨ, ਪੈਂਟੇਕੋਸਟਲ,” ਹੇਠਾਂ ਤਕ।

9 ਪਰ ਯੁੱਗ ਦੇ ਅੰਤ ਤੋਂ ਬਿਲਕੁਲ ਪਹਿਲਾਂ, ਉਸਨੇ ਕਿਹਾ, “ਮੈਂ ਤੁਹਾਡੇ ਸਾਹਮਣੇ ਇੱਕ ਖੁੱਲਾ ਦਰਵਾਜ਼ਾ ਰੱਖਿਆ ਹੈ।” ਸਮਝੇ? ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਉਹੀ ਯੁੱਗ ਹੈ ਜਿਸ ਵਿੱਚ ਅਸੀਂ ਹੁਣ ਹਾਂ, ਖੁੱਲ੍ਹੇ-ਦਰਵਾਜ਼ੇ ਦਾ ਯੁੱਗ, ਲਾਉਦਿਕੀਏ ਦੀ ਕਲੀਸਿਯਾ ਵਿੱਚੋਂ ਆਖਰੀ ਵਾਰ ਬਾਹਰ ਜਾਣ ਦੇ ਵਿਚਕਾਰ।

10 ਅਤੇ ਇਹ ਲਾਉਦਿਕੀਏ ਦੀ ਪਰਿਸ਼ਦ ਤਕ ਠੀਕ ਤਿੰਨ ਸੌ ਪੱਚੀ ਸਾਲ ਹਨ। ਅਤੇ ਉੱਥੇ ਉਹਨਾਂ ਨੇ ਇਹਨਾਂ ਰੂਪਾਂ ਨੂੰ ਅਪਣਾਇਆ ਜਿਵੇਂ ਕਿ ਛਿੜਕਣਾ, ਡੋਲ੍ਹਣਾ, ਅਤੇ ਝੂਠੇ ਬਪਤਿਸਮੇ, ਝੂਠੀ ਪਵਿੱਤਰ ਆਤਮਾ, ਇਹ ਸਾਰੀਆਂ ਹੋਰ ਚੀਜ਼ਾਂ। ਉਨ੍ਹਾਂ ਨੇ ਇਸ ਨੂੰ ਅਪਣਾ ਲਿਆ।

11 ਅਤੇ ਫਿਰ ਜਦੋਂ ਲੂਥਰ, ਇੱਕ ਜਾਜਕ ਹੋਣ ਕਰਕੇ, ਅਤੇ ਕੈਥੋਲਿਕ ਕਲੀਸਿਯਾ ਵਿੱਚੋਂ ਬਾਹਰ ਆਉਣ ਤੇ, ਇਹ ਚੀਜ਼ਾਂ ਆਪਣੇ ਨਾਲ ਲੈ ਆਇਆ। ਅਤੇ ਉੱਥੋਂ ਜ਼ਵਿੰਗਲੀ ਆਇਆ, ਜ਼ਵਿੰਗਲੀ ਵਿੱਚੋਂ ਕੈਲਵਿਨ, ਕੈਲਵਿਨ ਵਿੱਚੋਂ ਵੈਜ਼ਲੀ ਬਾਹਰ ਆਇਆ, ਓਹ, ਹੇਠਾਂ ਤਕ। ਅਤੇ ਉਹ ਸਿਰਫ ਉਨ੍ਹਾਂ ਸਿੱਧਾਂਤਾਂ ਨੂੰ ਹੇਠਾਂ ਲਿਆਉਂਦੇ ਰਹੇ। ਅਤੇ ਪਰਮੇਸ਼ੁਰ ਆਪਣੀ ਕਲੀਸਿਯਾ ਦੀ ਅਗਵਾਈ

ਕਿਵੇਂ ਕਰ ਸਕਦਾ ਹੈ, ਜਦੋਂ ਉਹ ਉਨ੍ਹਾਂ ਰਾਹਾਂ ਤੇ ਚੱਲ ਰਹੇ ਹਨ ਜਿਨ੍ਹਾਂ ਨੂੰ ਉਸਨੇ ਕਦੇ ਵੀ ਉਨ੍ਹਾਂ ਦੀ ਅਗਵਾਈ ਕਰਨ ਲਈ ਨਹੀਂ ਬਣਾਇਆ?

12 ਅਤੇ ਯਾਦ ਕਰੋ, ਪਰਕਾਸ਼ ਦੀ ਪੋਥੀ 17 ਵਿੱਚ, ਅਸੀਂ ਇੱਕ "ਔਰਤ" ਨੂੰ ਵੇਖਦੇ ਹਾਂ। ਹੁਣ ਇਹ ਸ਼ਬਦ ਸਪਸ਼ਟ ਹਨ। ਉਹ ਬਾਈਬਲ ਵਿੱਚ ਲਿਖੇ ਗਏ ਹਨ, ਇਸ ਲਈ ਮੈਂ ਸੋਚਦਾ ਹਾਂ ਕਿ ਮੈਂ ਉਹਨਾਂ ਨੂੰ ਕਹਿ ਸਕਦਾ ਹਾਂ। ਇਹ ਕਿਹਾ ਗਿਆ ਹੈ ਕਿ ਇਹ ਔਰਤ "ਕੰਜਰੀ" ਸੀ। ਮਤਲਬ ਕਿ ਉਹ ਇੱਕ ਬਦ-ਨਾਮ ਔਰਤ ਸੀ; ਕਿ ਉਹ ਇੱਕ ਪਤੀ ਨਾਲ ਵਿਆਹੀ ਜਾਣੀ ਸੀ, ਅਤੇ ਸੰਸਾਰ ਨਾਲ ਹਰਾਮਕਾਰੀ ਕੀਤੀ। ਅਤੇ ਉਸ ਕੋਲ ਇੱਕ ਸੀ…ਉਹ ਇੱਕ "**ਕੰਜਰੀਆਂ ਦੀ ਮਾਂ**" ਸੀ, ਇਸਲਈ ਉਸ ਦੀਆਂ ਧੀਆਂ ਸਨ। ਅਤੇ ਅਸੀਂ ਭੂਗੋਲਿਕ ਤੌਰ ਤੇ ਵੀ ਇਸ ਦਾ ਨਕਸ਼ਾ ਖਿੱਚਿਆ ਸੀ, ਵਿੱਚ ਹੋਣ ਦੇ…ਅਤੇ ਉੱਥੇ, ਮੈਂ ਆਪ, ਮੈਂ ਇਸਨੂੰ ਲਿਖਤਾਂ ਵਿੱਚ ਦੇਖ ਰਿਹਾ ਹਾਂ, ਉਸਦੇ ਸਿਧਾਂਤ ਅਤੇ ਸਭ ਕੁਝ ਦੇਖ ਰਿਹਾ ਹਾਂ, ਮੇਰਾ ਮੰਨਣਾ ਹੈ ਕਿ ਪ੍ਰਭੂ ਨੇ ਇਸ ਨੂੰ ਪੂਰੀ ਤਰ੍ਹਾਂ ਨਾਲ ਕਤਾਰ ਵਿੱਚ ਰੱਖਿਆ ਹੈ, ਕਿ ਇਹ ਕੈਥੋਲਿਕ ਕਲੀਸਿਯਾ ਤੋਂ ਇਲਾਵਾ ਹੋਰ ਕੋਈ ਨਹੀਂ ਹੋ ਸਕਦੀ। ਇਹ ਇੱਕੋ ਇੱਕ ਤਰੀਕਾ ਹੈ ਜਿਸ ਤਰ੍ਹਾਂ ਇਹ ਹੋ ਸਕਦੀ ਹੈ। ਅਤੇ ਉਸਨੇ ਕਿਸ ਨੂੰ ਜਨਮ ਦਿੱਤਾ? ਪ੍ਰੋਟੈਸਟੈਂਟ ਕਲਿਸੀਆਂ ਨੂੰ। ਬਿਲਕੁਲ, ਉਸ ਨੇ ਜਨਮ ਦਿੱਤਾ।

13 ਅਤੇ ਉਸਦੇ ਹੱਥ ਵਿੱਚ ਉਸਦੇ ਹਰਾਮਕਾਰੀ ਦੀ ਮੈਂ ਦਾ ਪਿਆਲਾ ਸੀ, ਅਤੇ ਉਹ ਇਸਨੂੰ ਧਰਤੀ ਦੇ ਰਾਜਿਆਂ ਨੂੰ ਦੇ ਰਹੀ ਸੀ। ਅਤੇ ਆਤਮਿਕ ਤੌਰ ਤੇ, ਉਹ ਸਾਰੀ ਧਰਤੀ ਉੱਤੇ ਹਾਕਮ ਸੀ। ਅਤੇ ਇਹ ਬਿਲਕੁਲ ਸਹੀ ਹੈ। ਕੋਈ ਹੋਰ ਨਹੀਂ ਹੈ…

14 ਦੇਖੋ, ਚਲੋ, ਅਸੀਂ ਦਾਨੀਏਲ ਵੱਲ੍ਹ ਵਾਪਸ ਜਾਈਏ ਅਤੇ ਮੂਰਤ ਨੂੰ ਵੇਖੀਏ। ਮੂਰਤ ਨੂੰ ਦੇਖੋ: ਸੋਨੇ ਦਾ ਸਿਰ, ਬਾਬਲ ਦਾ ਰਾਜ; ਪਿੱਤਲ…ਜਾਂ ਚਾਂਦੀ, ਮਾਦੀ-ਫ਼ਾਰਸੀ ਰਾਜ; ਪਿੱਤਲ, ਸਿਕੰਦਰ ਮਹਾਨ, ਅਤੇ ਇਸ ਤਰ੍ਹਾਂ ਅੱਗੇ, ਯੂਨਾਨੀ ਰਾਜ ਸੀ; ਫਿਰ ਰੋਮਨ ਸਾਮਰਾਜ, ਪੂਰਬੀ ਅਤੇ ਪੱਛਮੀ ਰੋਮ, ਦੋ ਪੈਰ।

15 ਅਤੇ ਧਿਆਨ ਦਿਓ ਕਿ ਇਹਨਾਂ ਦਸ ਰਾਜਾਂ ਵਿੱਚ, ਜੋ ਬਿਲਕੁਲ ਉਹਨਾਂ ਦਸ ਸਿੰਗਾਂ ਦੇ ਨਾਲ ਆਉਂਦਾ ਹੈ ਜਿਹਨਾਂ ਬਾਰੇ ਅਸੀਂ ਅੱਜ ਸਵੇਰੇ ਗੱਲ ਕਰ ਰਹੇ ਸੀ, ਉਨ੍ਹਾਂ ਆਉਣ ਵਾਲੇ ਦਸ ਰਾਜਾਂ ਵਿੱਚੋਂ ਹਰ ਇੱਕ ਵਿੱਚ, ਲੋਹਾ ਅਤੇ ਮਿੱਟੀ ਆਪਸ ਵਿੱਚ ਮਿਲੇ ਹੋਏ ਸਨ। ਅਤੇ ਉਹ ਲੋਹਾ ਜੋ ਲੱਤਾਂ ਵਿੱਚ ਸੀ, ਜੋ ਰੋਮ ਸੀ। ਅਤੇ ਹਰੇਕ ਦੇਸ਼ ਜੋ ਅਕਾਸ਼ ਦੇ ਹੇਠ ਹੈ ਉਸ ਵਿੱਚ ਕੈਥੋਲਿਕ ਕਲੀਸਿਯਾ ਰਾਹੀਂ, ਰੋਮਨਵਾਦ ਦੀ ਧਾਰਾ ਮਿਲੀ ਹੋਈ ਹੈ। ਇਹ ਬਿਲਕੁਲ ਸਹੀ ਹੈ। ਅਤੇ ਉਹ ਕਦੇ, ਕਿਤੇ ਵੀ ਆਪਸ ਵਿੱਚ ਮਿਲ ਨਹੀਂ ਸਕਣਗੇ।

16 ਅਤੇ ਉਹ ਅੰਤਰਵਿਆਹ ਕਰਨਗੇ, ਇੱਕ ਦੂਜੇ ਦੇ ਵਿਚਕਾਰ। ਬਾਈਬਲ ਨੇ ਕਿਹਾ ਕਿ ਉਹ ਕਰਨਗੇ। ਅਤੇ ਅੱਜ ਉਹਨਾਂ ਨੂੰ ਦੇਖੋ। ਤੁਹਾਡਾ ਲੜਕਾ ਕੈਥੋਲਿਕ ਲੜਕੀ ਨਾਲ; ਜਦੋਂ ਉਹ ਵਿਆਹ ਕਰਾਉਣ ਜਾਂਦੇ ਹਨ, ਤਾਂ ਉਹਨਾਂ ਨੂੰ ਆਪਣੇ ਬੱਚਿਆਂ ਨੂੰ ਕੈਥੋਲਿਕ ਤੌਰ ਤੇ ਪਾਲਣ ਦਾ ਵਾਅਦਾ ਕਰਨਾ ਪੈਂਦਾ ਹੈ; ਦੇਖੋ, ਇਸਦੇ ਉਲਟ ਜੇ ਲੜਕਾ ਕੈਥੋਲਿਕ ਹੈ ਤਾਂ ਲੜਕੀ ਨੂੰ ਅਜਿਹਾ ਵਾਇਦਾ ਕਰਨ ਹੁੰਦਾ ਹੈ। ਦੇਖੋ, ਇਹ ਦੂਜੇ ਦੀ ਸ਼ਕਤੀ ਨੂੰ ਤੋੜਨ ਲਈ ਕੀਤਾ ਜਾਂਦਾ ਹੈ।

17 ਪਰ ਇਹ ਕੀ ਹੈ? ਬਾਈਬਲ ਦਾਅਵਾ ਕਰਦੀ ਹੈ ਕਿ ਸਾਰੀ ਚੀਜ਼ ਕੰਜਰੀ ਹੈ। ਹੁਣ ਤੁਸੀਂ ਕੀ ਕਰਨ ਜਾ ਰਹੇ ਹੋ? ਇਹ ਠੀਕ ਹੈ। ਅਤੇ ਲੋਕਾਂ ਦੇ ਪਾਪਾਂ ਦਾ ਪਲਟਾ ਕਿਵੇਂ ਲਿਆ ਜਾਣਾ ਸੀ...ਅਸੀਂ ਬਿਵਸਥਾ ਸਾਰ ਵਿੱਚ ਵਾਪਸ ਗਏ ਸੀ, ਅਤੇ ਦਿਖਾਇਆ ਕਿ ਇੱਕ ਨਜਾਇਜ਼ ਬੱਚਾ, ਹਰਾਮ ਦਾ ਔਲਾਦ, ਚੌਦਾਂ ਪੀੜ੍ਹੀਆਂ ਤੱਕ ਪ੍ਰਭੂ ਦੀ ਸੰਗਤ ਵਿੱਚ ਦਾਖਲ ਵੀ ਨਹੀਂ ਹੋ ਸਕਦੀ ਸੀ। ਜੋ ਬਿਵਸਥਾ ਦੇ ਹੇਠ ਸੀ। ਅਤੇ ਮਸੀਹ ਬਿਵਸਥਾ ਦੀ ਵਧਾਉਣ ਲਈ ਆਇਆ ਸੀ। ਤਾਂ ਇਹ ਹੁਣ ਹੋਰ ਕਿੰਨਾ ਵੱਧ ਹੋ ਜਾਂਦਾ ਹੈ?

18 ਅਤੇ ਇਹਨਾਂ ਨਾਲ ਕੀ ਹੋ ਰਿਹਾ ਹੈ, ਅੱਜ ਗਲੀਆਂ ਵਿੱਚ ਇਹਨਾਂ ਅੱਧ ਨੰਗੀਆਂ ਔਰਤਾਂ ਨਾਲ ਕੀ ਮਾਮਲਾ ਹੈ, ਸਿਗਰਟ-ਚੂਸਣ ਵਾਲੀਆਂ ਇਹ ਨਿੱਕੀਆਂ ਔਰਤਾਂ, ਅਤੇ ਨਿੱਕਰਾਂ ਪਹਿਨਣ ਵਾਲੀਆਂ, ਵਾਲ-ਕੱਟੀਆਂ ਅੱਧਨੰਗੀਆਂ ਔਰਤਾਂ, ਨੂੰ ਕੀ ਹੋ ਗਿਆ ਹੈ? ਇਸ ਨਾਲ ਕੀ ਮਾਮਲਾ ਹੈ? ਕਿਉਂਕਿ ਉਨ੍ਹਾਂ ਦੀ ਮਾਂ ਇਸ ਤਰ੍ਹਾਂ ਕਰਦੀ ਸੀ। ਇਹ ਦੌਰਾ ਹੈ, ਅਧਰਮ ਦਾ, ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ। ਇਹੀ ਹੈ ਜੋ ਇਹ ਹੈ। ਅਤੇ ਸਾਡੇ ਕੋਲ ਕੀ ਹੈ? ਅਸੀਂ ਇੱਕ ਅਜਿਹੀ ਥਾਂ ਤੇ ਪਹੁੰਚ ਗਏ ਹਾਂ, ਜੋ ਬਸ ਪਾਪ ਦੇ ਗੰਦੇ ਸੰਗਠਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ।

19 ਇਹੀ ਕਾਰਨ ਹੈ ਕਿ ਪਰਮੇਸ਼ਰ ਨੇ, ਉੱਥੇ, ਰੂਸ ਇੱਕ ਪ੍ਰਮਾਣੂ ਬੰਬ ਨਾਲ ਉਸ ਨੂੰ ਮਿਟਾਉਣ ਲਈ ਲਈ ਖੜ੍ਹਾ ਕੀਤਾ ਹੈ, ਜਿਵੇਂ ਜਲ ਪਰਲੋ ਦੇ ਸਮੇਂ ਹੋਇਆ ਸੀ, ਜਦੋਂ ਉਸਨੇ ਬੱਦਲਾਂ ਨੂੰ ਉਠਾਇਆ ਸੀ। ਯਕੀਨਨ, ਉਸ ਨੇ ਕੀਤਾ ਹੈ। ਅਤੇ ਬਾਈਬਲ ਇਸ ਤਰ੍ਹਾਂ ਕਹਿੰਦੀ ਹੈ। ਰੂਸ, ਜਿਸ ਤਰ੍ਹਾਂ ਦਾ ਉਹ ਨਾਸਤਿਕ ਦੇਸ਼ ਹੈ, ਨਾਸਤਿਕ, ਪੂਰੀ ਤਰ੍ਹਾਂ ਸਰਵ ਸ਼ਕਤੀਮਾਨ ਪਰਮੇਸ਼ੁਰ ਦੇ ਹੱਥਾਂ ਵਿੱਚ ਖੇਡ ਰਿਹਾ ਹੈ। ਜਿਵੇਂ ਰਾਜਾ ਨਬੂਕਦਨੱਸਰ ਨੇ ਇਸਰਾਏਲ ਨੂੰ ਤਬਾਹ ਕਰਨਾ ਸੀ ਕਿਉਂਕਿ ਉਹ ਪਰਮੇਸ਼ੁਰ ਦੇ ਨਾਲ ਚੱਲਣ ਵਿੱਚ ਨਾਕਾਮ ਰਹੇ ਸਨ, ਰੂਸ “ਸੰਤਾਂ ਦਾ ਬਦਲਾ ਲੈਣ” ਲਈ ਖੜ੍ਹਾ ਹੋ ਰਿਹਾ ਹੈ, ਕੈਥੋਲਿਕ

ਕਲੀਸਿਯਾ ਤੋਂ, ਉਸ ਖੂਨ ਦਾ ਜੋ ਉਸਨੇ ਸੰਤਾਂ ਦਾ ਵਹਾਇਆ ਹੈ। ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ। ਇਹ ਸਾਰਾ ਕੁਝ ਲੈਣ ਜਾ ਰਿਹਾ ਹੈ।

20 ਇਸ ਲਈ ਇੱਥੇ ਦੇਖੋ, ਜੇਕਰ ਉਨ੍ਹਾਂ ਦੀ ਮਾਂ ਇੱਕ ਗੀਤ ਮੰਡਲੀ ਵਾਲੀ ਲੜਕੀ ਸੀ, ਅਤੇ ਉਨ੍ਹਾਂ ਦੀ ਦਾਦੀ, ਅਤੇ ਉਸਦੀ ਮਾਂ ਇੱਕ ਅੱਧਨੰਗੀ ਔਰਤ ਸੀ, ਉਹ ਅੱਜ ਕੀ ਹੈ? ਇੱਕ ਰੌਕ-ਐਂਡ-ਰੋਲ ਨੰਗਾ ਨਾਚ। ਉਸਦੇ ਬੱਚੇ ਕੀ ਬਣਨ ਜਾ ਰਹੇ ਹਨ?

ਅਤੇ ਤੁਸੀਂ ਕਹਿੰਦੇ ਹੋ, "ਕੀ ਪਰਮੇਸ਼ੁਰ ਅਜਿਹਾ ਕਰਦਾ ਹੈ?" ਹਾਂ, ਸ਼੍ਰੀਮਾਨ।

21 ਪਰਮੇਸ਼ੁਰ ਬੱਚਿਆਂ ਤੋਂ ਬਦਲਾ ਲੈਂਦਾ ਹੈ, ਪੀੜ੍ਹੀਆਂ ਤੋਂ, ਇੱਥੋਂ ਤੱਕ ਕਿ ਚੌਦਾਂ ਪੀੜ੍ਹੀਆਂ ਤੱਕ। ਅਤੇ ਜੇ ਮਸੀਹ ਇਸਦੀ ਵਡਿਆਈ ਕਰਨ ਲਈ ਆਇਆ, ਤਾਂ ਅਸੀਂ ਕਹਾਂਗੇ, "ਇੱਕ ਸੌ ਪੀੜ੍ਹੀਆਂ, ਜਾਂ ਪੰਜ-ਸੌ ਪੀੜ੍ਹੀਆਂ।" ਕਿਉਂ, ਉਸਨੇ ਕਿਹਾ, "ਪੁਰਾਣੇ ਸਮਿਆਂ ਵਿੱਚ, ਤੁਸੀਂ ਉਹਨਾਂ ਨੂੰ ਕਹਿੰਦੇ ਸੁਣਿਆ ਹੈ, ਪੁਰਾਣੇ ਸਮਿਆਂ ਵਿੱਚ, 'ਤੂੰ ਕਤਲ ਨਾ ਕਰ।' ਮੈਂ ਆਖਦਾ ਹਾਂ, 'ਤੂੰ, ਜੋ ਆਪਣੇ ਭਰਾ ਤੇ ਐਵੇਂ ਕ੍ਰੋਧ ਕਰਦਾ ਹੈਂ, ਤੂੰ ਉਸ ਨੂੰ ਪਹਿਲਾਂ ਹੀ ਮਾਰ ਦਿੱਤਾ ਹੈ।' ਤੁਸੀਂ ਉਨ੍ਹਾਂ ਨੂੰ ਆਖਦੇ ਸੁਣਿਆ ਹੈ, ਪੁਰਾਣੇ ਸਮਿਆਂ ਵਿੱਚ, 'ਤੂੰ ਜ਼ਨਾਹ ਨਾ ਕਰ।' ਪਰ ਮੈਂ ਆਖਦਾ ਹਾਂ ਕਿ ਜੋ ਕਿਸੇ ਔਰਤ ਵੱਲ ਬੁਰੀ ਇੱਛਿਆ ਨਾਲ ਵੇਖਦਾ ਹੈ, ਉਹ ਪਹਿਲਾਂ ਹੀ ਜ਼ਨਾਹ ਕਰ ਚੁੱਕਾ।" ਉਸਨੇ ਇਸਨੂੰ ਬਣਾਇਆ… *ਵਧਾਉਣਾ* ਕੀ ਹੈ? "ਇਸ ਨੂੰ ਕਈ ਗੁਣਾ ਵੱਡਾ ਬਣਾਉਣਾ।" ਅਤੇ ਜੇ ਸ਼ਰਾ ਦੇ ਅਧੀਨ ਇਹ ਚੌਦਾਂ ਪੀੜ੍ਹੀਆਂ ਤਕ ਸੀ, ਤਾਂ ਅੱਜ ਉਸੇ ਗੱਲ ਨੂੰ ਕਿੰਨਾ ਸਮਾਂ ਲੱਗੇਗਾ?

22 ਅਤੇ ਨੌਜਵਾਨਾਂ, ਅਤੇ ਅੱਧਖੜ ਉਮਰ ਦੇ ਆਦਮੀਆਂ, ਅਤੇ ਵਿਆਹੇ ਹੋਏ ਆਦਮੀਆਂ ਕੋਲ ਆਪਣੇ ਵਿਆਹ ਦੀਆਂ ਸਹੁੰਆਂ ਲਈ ਕੋਈ ਸਤਿਕਾਰ ਨਹੀਂ ਰਿਹਾ ਹੈ। ਕਿਉਂ, ਉਹ ਬਸ ਔਰਤਾਂ ਨੂੰ ਲੈਂਦੇ ਹਨ, ਅਤੇ ਕਿਤੇ ਵੀ ਉਨ੍ਹਾਂ ਨਾਲ ਰਹਿਣ ਲੱਗਦੇ ਹਨ, ਅਤੇ ਬਿਲਕੁਲ ਆਮ ਕੁੱਤਿਆਂ ਵਾਂਗ। ਇੱਕ ਕੁੱਤੇ ਕੋਲ ਕੁਝ ਲੋਕਾਂ ਨਾਲੋਂ ਬਿਹਤਰ ਆਦਰ ਅਤੇ ਵਧੀਆ ਨੈਤਿਕਤਾ ਹੈ। ਅਤੇ ਮੈਂ ਜਾਣਦਾ ਹਾਂ ਕਿ ਇਹ ਬਹੁਤ ਕਠੋਰ ਹੈ, ਪਰ ਇਹ ਸਹੀ ਹੈ।

23 ਕਿਉਂ? ਅਤੇ ਗਿਰਜੇ ਇਸ ਬਾਰੇ ਕੁਝ ਨਹੀਂ ਕਹਿੰਦੇ ਅਤੇ ਇਸ ਨੂੰ ਸਵੀਕਾਰ ਕਰ ਲੈਂਦੇ ਹਨ। ਕਿਉਂ? ਉਹ ਉਸੇ ਤਰ੍ਹਾਂ ਕਰ ਰਹੇ ਹਨ ਜਿਵੇਂ ਉਹਨਾਂ ਦੀ ਮਾਂ ਕਰਦੀ ਹੈ। ਕਲੀਸਿਯਾਨੂੰ ਇਹ ਵਿਰਾਸਤ ਵਿੱਚ ਮਿਲਿਆ ਹੈ। ਕਿਉਂਕਿ, ਕਲੀਸਿਯਾ ਅਤੇ ਇਹ ਪ੍ਰੋਟੈਸਟੈਂਟ ਕਲੀਸਿਯਾ ਕੈਥੋਲਿਕ ਕਲੀਸਿਯਾ ਵਿੱਚੋਂ ਬਾਹਰ ਨਿਕਲ ਕੇ ਆਏ ਹਨ, ਕੈਥੋਲਿਕ ਕਲੀਸਿਯਾ ਦੇ ਪਾਪਾਂ ਦਾ ਬਦਲਾ

ਪ੍ਰੋਟੈਸਟੈਂਟਾਂ ਕੋਲੋਂ ਲਿਆ ਜਾ ਰਿਹਾ ਹੈ। ਯਕੀਨਨ, ਇਹ ਹੈ, ਇਸ ਲਈ ਘੜਾ ਕੇਤਲੀ ਨੂੰ "ਗੰਦੀ" ਨਹੀਂ ਕਹਿ ਸਕਦਾ। ਇਹ ਬਿਲਕੁਲ ਸੱਚ ਹੈ।

24 ਹੁਣ ਅਸੀਂ ਵੇਖਦੇ ਹਾਂ, ਅਤੇ ਵਚਨ ਵਿੱਚ, ਅਸੀਂ ਵੇਖਿਆ ਹੈ...ਅਤੇ ਮੈਂ ਅੱਜ ਰਾਤ ਇੱਥੇ ਮੇਜ਼ ਤੇ ਇੱਕ ਵੀ ਨੋਟ ਨਹੀਂ ਦੇਖਿਆ। ਮੈਂ ਕਿਹਾ ਸੀ, "ਮੈਨੂੰ ਇੱਕ ਅਜਿਹੀ ਥਾਂ ਦਿਖਾਓ ਜਿੱਥੇ ਪਰਮੇਸ਼ੁਰ ਨੇ ਕਦੇ ਵੀ ਇੱਕ ਨਾਮਧਾਰੀ ਕਲੀਸਿਯਾ ਨੂੰ ਠਹਿਰਾਇਆ ਹੋਵੇ। ਮੈਨੂੰ ਇੱਕ ਜਗ੍ਹਾ ਦਿਖਾਓ ਜਿੱਥੇ ਪਰਮੇਸ਼ੁਰ ਨੇ ਕਦੇ ਇੱਕ ਔਰਤ ਪ੍ਰਚਾਰਕ ਨਿਯੁਕਤ ਕੀਤੀ ਹੋਵੇ। ਮੈਨੂੰ ਇੱਕ ਜਗ੍ਹਾ ਦਿਖਾਓ ਜਿੱਥੇ ਪਰਮੇਸ਼ੁਰ ਨੇ ਕਦੇ ਛਿੜਕਣ ਦਾ ਹੁਕਮ ਦਿੱਤਾ ਹੈ। ਮੈਨੂੰ ਇੱਕ ਅਜਿਹੀ ਥਾਂ ਦਿਖਾਓ ਜਿੱਥੇ ਪਰਮੇਸ਼ੁਰ ਨੇ ਕਦੇ ਡੋਲਣ ਦਾ ਹੁਕਮ ਦਿੱਤਾ ਸੀ। ਮੈਨੂੰ ਇੱਕ ਅਜਿਹੀ ਥਾਂ ਦਿਖਾਓ ਜਿੱਥੇ ਪਰਮੇਸ਼ੁਰ ਨੇ ਕਦੇ ਕਿਸੇ ਨੂੰ 'ਪਿਤਾ, ਪੁੱਤਰ, ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ ਦਿੱਤਾ ਹੋਵੇ। ਉਹ ਚੀਜ਼ਾਂ ਲੱਭੋ।" ਅਤੇ ਫਿਰ ਵੀ ਅਸੀਂ ਉਹਨਾਂ ਨੂੰ ਲਗਾਤਾਰ ਕਰਦੇ ਹਾਂ। ਇਹ ਬਿਲਕੁਲ ਕਲੀਸਿਯਾ ਵਿੱਚ ਹੋ ਰਿਹਾ ਹੈ।

25 ਹੁਣ, ਮੈਂ ਤੁਹਾਨੂੰ ਕਿਹਾ, "ਜਿਸ ਤਰੀਕੇ ਨਾਲ, ਜਾਂ, ਜਿਸ ਕਾਰਨ ਅਸੀਂ ਬੈਪਟਿਸਟ ਨਹੀਂ ਬਣ ਸਕੇ, ਕਿਉਂਕਿ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਹ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈ ਰਹੇ ਹਨ। ਬਾਈਬਲ ਵਿਚ, ਕਦੇ ਵੀ ਕਿਸੇ ਨੇ, ਕਿਸੇ ਹੋਰ ਤਰੀਕੇ ਨਾਲ ਬਪਤਿਸਮਾ ਨਹੀਂ ਦਿੱਤਾ ਹੈ। ਤੁਸੀਂ ਮੈਨੂੰ ਇੱਕ ਜਗ੍ਹਾ ਦਿਖਾਓ ਜਿੱਥੇ ਇੱਕ ਵਿਅਕਤੀ ਨੂੰ 'ਪਿਤਾ, ਪੁੱਤਰ, ਪਵਿੱਤਰ ਆਤਮਾ' ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ, ਮੈਂ ਆਪਣੇ ਹੱਥ ਚੁੱਕਾਂਗਾ ਅਤੇ ਕਹਿ ਦਿਆਂਗਾ ਕਿ ਮੈਂ ਇੱਕ ਝੂਠਾ ਨਬੀ ਹਾਂ।"

26 "ਅਤੇ ਜੇ ਬਾਈਬਲ ਕਹਿੰਦੀ ਹੈ ਕਿ ਤੁਹਾਨੂੰ 'ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣਾ' ਜਰੂਰੀ ਹੈ, ਤਾਂ ਇਸਦਾ ਮਤਲਬ ਹੈ ਕਿ ਤੁਹਾਨੂੰ ਇਸੇ ਤਰ੍ਹਾਂ ਹੀ ਕਰਨਾ ਚਾਹੀਦਾ ਹੈ। ਪੌਲੁਸ ਨੇ ਉਨ੍ਹਾਂ ਨੂੰ ਦੁਬਾਰਾ ਬਪਤਿਸਮਾ ਲੈਣ ਦਾ ਹੁਕਮ ਦਿੱਤਾ। ਇਸ ਨਾਲ ਕੋਈ ਕੋਈ ਫ਼ਰਕ ਨਹੀਂ ਪੈਂਦਾ ਸੀ ਕਿ ਉਹਨਾਂ ਨੇ ਕਿਵੇਂ ਬਪਤਿਸਮਾ ਲਿਆ ਸੀ, ਉਹਨਾਂ ਨੂੰ ਆਉਣਾ ਪਿਆ, ਦੁਬਾਰਾ ਬਪਤਿਸਮਾ ਲੈਣ ਲਈ। ਉਨ੍ਹਾਂ ਨੇ ਉਸੇ ਆਦਮੀ ਦੁਆਰਾ ਬਪਤਿਸਮਾ ਲਿਆ ਜਿਸਨੇ ਯਿਸੂ ਮਸੀਹ ਨੂੰ ਬਪਤਿਸਮਾ ਦਿੱਤਾ ਸੀ; ਯੂਹੰਨਾ ਬਪਤਿਸਮਾ ਦੇਣ ਵਾਲਾ। ਉਸ ਨੇ ਕਿਹਾ, 'ਇਸ ਨਾਲ ਹੁਣ ਕੰਮ ਨਹੀਂ ਚੱਲੇਗਾ। ਤੁਹਾਨੂੰ ਆਉਣਾ ਪਵੇਗਾ, ਦੁਬਾਰਾ ਬਪਤਿਸਮਾ ਲੈਣ ਪਏਗਾ।' ਅਤੇ ਪਵਿੱਤਰ ਆਤਮਾ ਪ੍ਰਾਪਤ ਕਰਨ ਤੋਂ ਪਹਿਲਾਂ ਉਹਨਾਂ ਨੂੰ ਇਹ ਕਰਨਾ ਪਿਆ। ਇਹ ਪਰਮੇਸ਼ੁਰ ਦੀ ਯੋਜਨਾ ਸੀ।"

27 ਮੈਂ ਅੱਜ ਰਾਤ, ਉਸ ਤੋਂ ਥੋੜ੍ਹਾ ਹੋਰ ਡੂੰਘਾਈ ਵਿੱਚ ਜਾ ਸਕਦਾ ਹਾਂ। ਕਿਉਂ? ਯਿਸੂ ਆਪਣੇ ਵਚਨ ਨੂੰ ਪੂਰਾ ਕਰਦਾ ਹੈ। ਕੀ ਤੁਸੀਂ ਇਹ ਵਿਸਵਾਸ ਕਰਦੇ ਹੋ? ਹੁਣ, ਅੱਜ ਸਵੇਰੇ ਲੱਗਭਗ ਤੁਸੀਂ ਸਾਰੇ ਇੱਥੇ ਸੀ, ਪਰ ਮੈਂ ਇਸ ਬਾਰੇ ਥੋੜੀ ਹੋਰ ਗੱਲ ਕਰਨੀ ਚਾਹੁੰਦਾ ਹਾਂ।

28 ਪੌਲੁਸ ਨੇ ਕਿਉਂ ਹੁਕਮ-...ਇਹ ਹੋਣ ਤੋਂ ਬਾਅਦ ਇਸ ਨੂੰ ਦੁਬਾਰਾ ਕਰਨ ਦਾ ਹੁਕਮ ਕਿਉਂ ਦਿੱਤਾ? ਪੌਲੁਸ ਨੇ ਕਿਹਾ, "ਭਾਵੇਂ ਸਵਰਗ ਤੋਂ ਕੋਈ ਦੂਤ ਆ ਕੇ ਕਿਸੇ ਹੋਰ ਗੱਲ ਦਾ ਪ੍ਰਚਾਰ ਕਰੇ, ਤਾਂ ਉਹ ਸਰਾਪਤ ਹੋਵੇ।"

29 ਹੁਣ ਤੁਸੀਂ ਕਹਿੰਦੇ ਹੋ, "ਸਾਨੂੰ ਇਸ ਤੇ ਨਵਾਂ ਪ੍ਰਕਾਸ਼ਣ ਮਿਲਿਆ ਹੈ।" ਨਹੀਂ, ਤੁਹਾਨੂੰ ਨਹੀਂ ਮਿਲਿਆ ਹੈ। ਇਹ ਉਹੀ ਹੈ ਜੋ ਸ਼ੈਤਾਨ ਹੱਵਾਹ ਕੋਲ ਲੈ ਕੇ ਆਇਆ ਸੀ, ਥੋੜ੍ਹਾ ਜਿਹਾ ਨਵਾਂ ਪ੍ਰਕਾਸ਼। ਤੁਹਾਨੂੰ ਕਿਸੇ ਨਵੇਂ ਪ੍ਰਕਾਸ਼ ਦੀ ਲੋੜ ਨਹੀਂ ਹੈ। ਤੁਹਾਨੂੰ ਉਸ ਪ੍ਰਕਾਸ਼ ਵਿੱਚ ਚੱਲਣ ਦੀ ਲੋੜ ਹੈ ਜੋ ਪਰਮੇਸ਼ੁਰ ਨੇ ਪਹਿਲਾਂ ਹੀ ਇੱਥੇ ਰੱਖਿਆ ਹੈ, ਬੱਸ ਇਹੀ ਹੈ।

30 ਹੁਣ ਇਸ ਨੂੰ ਦੇਖੋ, ਕਿੰਨਾ ਸਧਾਰਨ ਹੈ। ਜਦੋਂ ਉਹ ਰੂਪਾਂਤਰਣ ਦੇ ਪਹਾੜ ਤੋਂ ਹੇਠਾਂ ਆਏ, ਤਾਂ ਯਿਸੂ ਨੇ, ਆਪਣੇ ਚੇਲਿਆਂ ਨੂੰ ਕਿਹਾ, "ਮਨੁੱਖ ਕੀ ਕਹਿੰਦੇ ਹਨ ਮੈਂ ਮਨੁੱਖ ਦਾ ਪੁੱਤਰ ਕੌਣ ਹਾਂ?"

"ਇੱਕ ਨੇ ਕਿਹਾ ਕਿ ਤੁਸੀਂ 'ਮੂਸਾ, ਜਾਂ ਏਲਿਯਾਹ, ਨਬੀਆਂ ਵਿੱਚੋਂ ਇੱਕ ਹੋ।'"

ਉਸਨੇ ਕਿਹਾ, "ਤੁਸੀਂ ਕੀ ਕਹਿੰਦੇ ਹੋ?"

31 ਉਸਨੇ ਕਿਹਾ, ਪਤਰਸ ਨੇ ਕਿਹਾ, "ਤੂੰ ਮਸੀਹ ਹੈ, ਜਿਉਂਦੇ ਪਰਮੇਸ਼ੁਰ ਦਾ ਪੁੱਤਰ।"

32 ਉਸਨੇ ਕਿਹਾ, "ਧੰਨ ਹੈ ਤੂੰ, ਸ਼ਮਊਨ, ਯੋਨਾਹ ਦੇ ਪੁੱਤਰ; ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ।" ਦੇਖੋ, ਇਹ ਸੈਮੀਨਾਰ ਦੁਆਰਾ ਨਹੀਂ ਆਉਂਦਾ। ਇਹ ਨਾਮਧਾਰੀ ਕਲੀਸਿਯਾ ਰਾਹੀਂ ਨਹੀਂ ਆਉਂਦਾ। "ਮਾਸ ਅਤੇ ਲਹੂ ਨੇ ਇਸ ਨੂੰ ਤੇਰੇ ਉੱਤੇ ਪ੍ਰਗਟ ਨਹੀਂ ਕੀਤਾ। ਤੂੰ ਇਸ ਨੂੰ ਕਿਸੇ ਧਰਮ ਸ਼ਾਸਤਰ ਦੇ ਸਕੂਲ ਰਾਹੀਂ ਕਦੇ ਨਹੀਂ ਸਿੱਖਿਆ। ਪਰ ਮੇਰੇ ਪਿਤਾ ਨੇ, ਜੋ ਸਵਰਗ ਵਿੱਚ ਹੈ, ਇਸ ਨੂੰ ਤੇਰੇ ਤੇ ਪ੍ਰਗਟ ਕੀਤਾ ਹੈ। ਮੈਂ ਇਸ ਚਟਾਨ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ; ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ," ਉਹ ਕੌਣ ਹੈ ਦਾ ਇੱਕ ਆਤਮਿਕ ਪ੍ਰਕਾਸ਼ਣ।

33 ਧਿਆਨ ਦਿਓ, "ਅਤੇ ਮੈਂ ਕਹਿੰਦਾ ਹਾਂ ਕਿ ਤੂੰ ਪਤਰਸ ਹੈਂ। ਅਤੇ ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ। ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ,

ਮੈਂ ਉਸ ਨੂੰ ਸਵਰਗ ਵਿੱਚ ਬੰਨ੍ਹ ਦਿਆਂਗਾ; ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ, ਮੈਂ ਉਸ ਨੂੰ ਸਵਰਗ ਵਿੱਚ ਖੋਲ੍ਹ ਦਿਆਂਗਾ।" ਹੁਣ, ਉਸਨੂੰ ਆਪਣਾ ਵਚਨ ਪੂਰਾ ਕਰਨਾ ਸੀ ਨਹੀਂ ਤਾਂ ਉਹ ਪਰਮੇਸ਼ੁਰ ਨਹੀਂ ਸੀ। ਹੁਣ, ਅਤੇ ਜਦੋਂ ਉਸਨੇ ਅਜਿਹਾ ਕੀਤਾ, ਕੁਝ ਦਿਨਾਂ ਬਾਅਦ, ਉਸਨੂੰ ਸਲੀਬ ਦਿੱਤੀ ਗਈ, ਜੀ ਉੱਠਿਆ, ਸਵਰਗ ਵਿੱਚ ਚੜ੍ਹ ਗਿਆ, ਅਤੇ ਪਤਰਸ ਨੇ ਪੰਤੇਕੁਸਤ ਦੇ ਦਿਨ ਇੰਜੀਲ ਨੂੰ ਖੋਲ੍ਹਿਆ। ਕੀ ਉਸਨੇ ਇਹ ਕੀਤਾ? ਉਸ ਨੇ, ਜ਼ਰੂਰ, ਉਸ ਨੇ ਕੀਤਾ। ਹੁਣ ਦੇਖੋ, ਉਹ ਜੱਦ…

34 ਉਹ ਸਾਰੇ ਉਨ੍ਹਾਂ ਦਾ ਮਜ਼ਾਕ ਉਡਾ ਰਹੇ ਸਨ, ਕਿਉਂਕਿ ਉਹ ਆਤਮਾ ਨਾਲ ਭਰੇ ਹੋਏ ਸਨ। ਉਨ੍ਹਾਂ ਨੂੰ "ਅਧਰਮੀ, ਪਵਿੱਤਰ-ਪਖੰਡੀ," ਜਾਂ ਇਸ ਤਰ੍ਹਾਂ ਦਾ ਕੋਈ ਨਾਮ ਦੇ ਰਹੇ ਸਨ। ਅਤੇ ਇੱਥੋਂ ਤਕ ਕਿ ਉਹ ਹੱਸੇ, ਅਤੇ ਕਿਹਾ, "ਇਹ ਨਵੀਂ ਮੈ ਨਾਲ ਰੱਜੇ ਹੋਏ ਹਨ।"

35 ਅਤੇ ਪਤਰਸ ਨੇ ਉਨ੍ਹਾਂ ਦੇ ਵਿਚਕਾਰ ਖਲੋ ਕੇ, ਆਪਣੀ ਅਵਾਜ਼ ਉੱਚੀ ਕੀਤੀ, ਅਤੇ ਕਿਹਾ, "ਹੇ ਭਰਾਵੋ ਅਤੇ ਭੈਣੋ, ਮੇਰੀ ਅਵਾਜ਼ ਸੁਣੋ। ਇਹ ਜਾਣੋ ਅਤੇ ਕੰਨ ਲਾ ਕੇ ਮੇਰੀਆਂ ਗੱਲਾਂ ਸੁਣੋ। ਕਿ ਏਹ ਜਿਵੇਂ ਤੁਸੀਂ ਸਮਝਦੇ ਹੋ ਨਸ਼ੇ ਵਿੱਚ ਨਹੀਂ ਹਨ; ਕਿਉਂ ਜੋ ਅਜੇ ਪਹਿਰ ਦਿਨ ਚੜ੍ਹਿਆ ਹੈ। ਪਰ ਏਹ ਉਹ ਗੱਲ ਹੈ ਜੋ ਯੋਏਲ ਨਬੀ ਦੀ ਜਬਾਨੀ ਕਹੀ ਗਈ ਸੀ, 'ਅਤੇ ਅੰਤ ਦੇ ਦਿਨਾਂ ਵਿੱਚ ਐਉਂ ਹੋਵੇਗਾ, ਜੋ ਮੈਂ ਆਪਣੇ ਆਤਮਾ ਵਿੱਚੋਂ ਵਹਾ ਦਿਆਂਗਾ,' ਅਤੇ ਜੋ ਉਹ ਆਪਣੇ ਪੁੱਤਰਾਂ, ਧੀਆਂ, ਅਤੇ ਉਸਦੀਆਂ ਦਾਸੀਆਂ, ਅਤੇ ਇਸ ਤਰ੍ਹਾਂ, ਉਸ ਦਿਨ ਵਿੱਚ ਕਰੇਗਾ।"

36 ਅਤੇ ਜੱਦ ਉਨ੍ਹਾਂ ਨੇ ਇਹ ਸੁਣਿਆ, ਤਾਂ ਉਨ੍ਹਾਂ ਦੇ ਦਿਲ ਛਿਦ ਗਏ। ਕਿਉਂਕਿ, ਉਹਨਾਂ ਨੇ ਇੱਕ ਆਦਮੀ ਨੂੰ ਸੁਣਿਆ ਜੋ ਉਸਦੇ ੳ ਅ ੲ ਨੂੰ ਨਹੀਂ ਜਾਣਦਾ ਸੀ, ਫਿਰ ਵੀ ਉਨ੍ਹਾਂ ਨੂੰ ਉਸ ਵੱਲ ਧਿਆਨ ਦੇਣਾ ਪਿਆ, ਜਾਣਨਾ ਪਿਆ ਕਿ ਉਸ ਦੇ ਅੰਦਰ ਕੁਝ ਸੀ, ਉਸ ਨੂੰ ਸਰਗਰਮ ਕਰ ਰਿਹਾ ਸੀ, ਪਵਿੱਤਰ ਆਤਮਾ। ਉਸਨੂੰ ਰੋਕੋ? ਕਿਉਂ, ਇਹ ਤਾਂ ਅਜਿਹੀ ਅੱਗ ਬੁਝਾਉਣ ਦੀ ਕੋਸ਼ਿਸ਼ ਹੋਵੇਗੀ, ਜੋ ਸੁੱਕੀ ਇਮਾਰਤ ਵਿੱਚ ਲੱਗੀ ਹੋਈ ਹੈ, ਹਨੇਰੀ ਵਾਲੇ ਦਿਨ। ਤੁਸੀਂ ਇਹ ਨਹੀਂ ਕਰ ਸਕਦੇ। ਉਹ ਪਵਿੱਤਰ ਆਤਮਾ ਨਾਲ ਭਰਿਆ ਹੋਇਆ ਸੀ। ਅਤੇ ਹੁਣ ਉਸਨੇ ਕੀ ਕੀਤਾ?

37 ਉਨ੍ਹਾਂ ਨੇ ਕਿਹਾ, "ਖੈਰ, ਪੁਰਖੋ ਅਤੇ ਭਰਾਵੋ, ਅਸੀਂ ਬਚਾਏ ਜਾਣ ਲਈ ਕੀ ਕਰ ਸਕਦੇ ਹਾਂ?"

38 ਹੁਣ ਧਿਆਨ ਦਿਓ, ਪਤਰਸ, ਤੇਰੇ ਕੋਲ ਰਾਜ ਦੀਆਂ ਕੁੰਜੀਆਂ ਹਨ। ਸਮਝੇ?

39 ਹੁਣ, ਜਦੋਂ ਯਿਸੂ ਤੀਜੇ ਦਿਨ ਜੀ ਉੱਠਿਆ, ਉਸ ਕੋਲ ਸਵਰਗ ਰਾਜ ਦੀਆਂ ਕੁੰਜੀਆਂ ਨਹੀਂ ਸਨ। ਕੀ ਤੁਹਾਨੂੰ ਇਹ ਪਤਾ ਸੀ? ਉਸਨੇ ਕਿਹਾ, "ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ," ਪਰ ਰਾਜ ਦੀਆਂ ਨਹੀਂ, ਕਿਉਂਕਿ ਉਹ ਪਤਰਸ ਨੂੰ ਦਿੱਤੀਆਂ ਗਈਆਂ ਸਨ।

40 ਹੁਣ ਉਸਨੇ ਕਿਹਾ, "ਪਤਰਸ, ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ, ਮੈਂ ਇਸਨੂੰ ਸਵਰਗ ਵਿੱਚ ਖੋਲ੍ਹ ਦਿਆਂਗਾ। ਜੋ ਤੂੰ ਧਰਤੀ ਉੱਤੇ ਬੰਨ੍ਹੇਗਾ, ਮੈਂ ਇਸਨੂੰ ਸਵਰਗ ਵਿੱਚ ਬੰਨ੍ਹ ਦਿਆਂਗਾ।"

41 ਹੁਣ ਉਹ ਇੱਥੇ ਕੁੰਜੀਆਂ ਲੈ ਕੇ ਖੜ੍ਹਾ ਹੈ, ਇਸ ਮੁਬਾਰਕ ਚੀਜ਼ ਨੂੰ ਦੁਨੀਆ ਲਈ ਖੋਲ੍ਹਣ ਲਈ। ਅਤੇ ਇੱਥੇ ਉਸਦੇ ਹੱਥ ਵਿੱਚ ਕੁੰਜੀਆਂ ਸਨ। ਅਤੇ ਉਹ ਪੁੱਛ ਰਹੇ ਹਨ, "ਅਸੀਂ ਕੀ ਕਰੀਏ ਜੋ ਬਚਾਏ ਜਾਈਏ?" ਹੁਣ, ਕੋਈ ਫਰਕ ਨਹੀਂ ਪੈਂਦਾ ਕਿ ਰਸੂਲ ਕੀ ਕਰਨ ਲਈ ਕਹਿੰਦਾ ਹੈ, ਪਰਮੇਸ਼ਰ ਨੂੰ ਇਸਨੂੰ ਸਵਰਗ ਵਿੱਚ ਸਮਰਥਨ ਦੇਣਾ ਪੈਣਾ ਸੀ, ਜੇਕਰ ਉਸ ਨੇ ਉਸਨੂੰ ਇਹ ਅਧਿਕਾਰ ਦਿੱਤਾ ਸੀ।

42 ਹੁਣ ਪਤਰਸ ਨੇ ਕਿਹਾ, "ਤੁਹਾਡੇ ਵਿੱਚੋਂ ਹਰੇਕ, ਤੋਬਾ ਕਰੇ, ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ, ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ।" ਕੀ ਇਹ ਸਹੀ ਹੈ? ਅਤੇ ਇਹੀ ਕਾਰਨ ਹੈ ਕਿ ਸਵਰਗ ਵਿੱਚ ਕੁੰਜੀਆਂ ਕਿਸੇ ਹੋਰ ਨਾਮ ਵੱਲ੍ਹ ਘੁੰਮ ਗਈਆਂ, ਕਿਸੇ ਹੋਰ ਤਰੀਕੇ ਵੱਲ੍ਹ, ਕਿਸੇ ਹੋਰ—ਕਿਸੇ ਹੋਰ ਰੂਪ ਵਿੱਚ। ਇਹ ਧਰਤੀ ਉੱਤੇ ਘੁੰਮ ਗਈ, ਅਤੇ ਇਹ ਸਵਰਗ ਵਿੱਚ ਵੀ ਘੁੰਮ ਗਈ, ਜਾਂ ਯਿਸੂ ਨੇ ਪਤਰਸ ਲਈ ਆਪਣਾ ਵਚਨ ਪੂਰਾ ਨਹੀਂ ਕੀਤਾ। ਅਤੇ ਬਾਈਬਲ ਵਿਚ ਹਰ ਜਗ੍ਹਾ ਜਿੱਥੇ ਉਨ੍ਹਾਂ ਨੂੰ ਬਪਤਿਸਮਾ ਦਿੱਤਾ ਗਿਆ, ਉਸ ਤੋਂ ਬਾਅਦ, ਉਨ੍ਹਾਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ। ਅਤੇ ਜਿਨ੍ਹਾਂ ਨੂੰ ਇਸ ਤੋਂ ਪਹਿਲਾਂ ਬਪਤਿਸਮਾ ਦਿੱਤਾ ਗਿਆ ਸੀ, ਉਨ੍ਹਾਂ ਨੂੰ ਆਉਣਾ ਪਿਆ ਅਤੇ ਦੁਬਾਰਾ ਬਪਤਿਸਮਾ ਲੈਣਾ ਪਿਆ, ਯਿਸੂ ਮਸੀਹ ਦੇ ਨਾਮ ਵਿੱਚ, ਪਵਿੱਤਰ ਆਤਮਾ ਪ੍ਰਾਪਤ ਕਰਨ ਲਈ। ਇਹ ਸਹੀ ਹੈ। ਇਹ ਅਜੇ ਵੀ ਉਸੇ ਤਰ੍ਹਾਂ ਹੈ।

43 ਇਸ ਲਈ, ਜੇ ਅਸੀਂ "ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ" ਦੇ ਨਾਮ ਵਿੱਚ ਬਪਤਿਸਮਾ ਸਿਖਾ ਰਹੇ ਹਾਂ, ਤਾਂ ਇਹ ਝੂਠੀ ਭਵਿੱਖਬਾਣੀ ਹੈ। ਹੁਣ ਮੈਂ ਤੁਹਾਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦਾ, ਪਰ ਮੈਂ ਇਸ ਨੂੰ ਪੱਕਿਆਂ ਕਰਨਾ ਚਾਹੁੰਦਾ ਹਾਂ ਤਾਂ ਜੋ ਇਸ ਕਲੀਸਿਯਾ ਜਾਣ ਲਵੇ ਕਿ ਇਹ ਕੀ ਹੈ। ਅਸੀਂ ਇੱਥੇ ਅਨਪੜ੍ਹ ਗੰਵਾਰਾਂ ਦੇ ਝੁੰਡ ਵਾਂਗ ਨਹੀਂ ਹਾਂ; ਅਸੀਂ ਜਾਣਦੇ ਹਾਂ ਕਿ ਅਸੀਂ

ਪਰਮੇਸ਼ੁਰ ਦੇ ਵਚਨ ਵਿੱਚ ਕਿੱਥੇ ਖੜੇ ਹਾਂ। ਦੇਖੋ, ਅਸੀਂ ਜਾਣਦੇ ਹਾਂ। ਮੈਂ ਕਿਸੇ ਨੂੰ ਵੀ ਚੁਣੌਤੀ ਦਿੰਦਾ ਹਾਂ ਕਿ ਉਹ ਮੈਨੂੰ ਇੱਕ ਅਜਿਹੀ ਜਗ੍ਹਾ ਦਿਖਾਵੇ ਜਿੱਥੇ ਕਿਸੇ ਨੇ ਕਦੇ ਵੀ "ਪਿਤਾ, ਪੁੱਤਰ, ਪਵਿੱਤਰ ਆਤਮਾ" ਦੇ ਨਾਮ ਉੱਤੇ ਬਪਤਿਸਮਾ ਲਿਆ ਹੋਵੇ। ਹੁਣ ਕਿ ਤੁਸੀਂ ਝੂਠੀ ਭਵਿੱਖਬਾਣੀ ਸੁਣੋਗੇ ਜਾਂ ਸੱਚੀ? ਲਿਖਤਾਂ ਦੀ ਖੋਜ ਕਰੋ। ਇਹ ਤੁਹਾਡੇ ਉੱਤੇ ਹੈ।

44 ਮੈਨੂੰ ਬਾਈਬਲ ਵਿੱਚ ਇੱਕ ਵਿਅਕਤੀ ਦਿਖਾਓ, ਜਿੱਥੇ ਇੱਕ ਕਲੀਸਿਯਾ ਨੂੰ ਬਾਈਬਲ ਵਿੱਚ—ਵਿੱਚ ਕਦੇ ਵੀ ਵਿੱਚ ਇੱਕ ਨਾਮਧਾਰੀ ਕਲੀਸਿਯਾ ਨਿਯੁਕਤ ਕੀਤਾ ਗਿਆ ਸੀ। ਮੈਨੂੰ ਬਾਈਬਲ ਵਿੱਚ ਦਿਖਾਓ ਜੇ ਉਹਨਾਂ ਨੇ ਕਦੇ ਇੱਕ ਔਰਤ ਪ੍ਰਚਾਰਕ ਨੂੰ ਨਿਯੁਕਤ ਕੀਤਾ ਹੋਵੇ। ਮੈਨੂੰ ਬਾਈਬਲ ਵਿਚ ਦਿਖਾਓ ਕਿ ਇਹ ਸਾਰੀਆਂ ਚੀਜ਼ਾਂ, ਜਿਨ੍ਹਾਂ ਬਾਰੇ ਅਸੀਂ ਗੱਲ ਕਰ ਰਹੇ ਹਾਂ, ਕਦੇ ਵੀ ਬਾਈਬਲ ਵਿਚ ਠਹਿਰਾਈਆਂ ਗਈਆਂ ਸਨ। ਉਹ ਉੱਥੇ ਨਹੀਂ ਹਨ। ਮੈਨੂੰ ਇੱਕ ਥਾਂ ਦੱਸੋ। ਤੁਸੀਂ ਕਿਸੇ ਨਾਮਧਾਰੀ ਕਲੀਸਿਯਾ ਵਿੱਚ ਜਾਓ…

45 ਖੈਰ, ਜਦੋਂ ਮੈਥੋਡਿਸਟ ਉਠੇ, ਉਨ੍ਹਾਂ ਨੇ ਪਵਿੱਤਰਤਾਈ ਦਾ ਪ੍ਰਚਾਰ ਕੀਤਾ। ਇਹ ਚੰਗੀ ਗੱਲ ਹੈ। ਪਰ, ਜਦੋਂ ਉਨ੍ਹਾਂ ਨੇ ਅਜਿਹਾ ਕੀਤਾ, ਤਾਂ ਉਨ੍ਹਾਂ ਨੇ ਇੱਕ ਨਾਮਧਾਰੀ ਕਲੀਸਿਯਾ ਬਣਾਈ, ਅਤੇ ਇਸਨੇ ਇਸਦਾ ਨਿਪਟਾਰਾ ਕਰ ਦਿੱਤਾ। ਇਹੀ ਕਾਰਨ ਹੈ ਕਿ ਬਾਈਬਲ ਕਹਿੰਦੀ ਹੈ, "ਤੇਰੇ ਕੋਲ ਇੱਕ ਨਾਮ ਹੈ।"

ਤੁਸੀਂ ਕਹਿੰਦੇ ਹੋ, "ਮੈਂ ਇੱਕ ਮਸੀਹੀ ਹਾਂ।"

"ਅੱਛਾ, ਤੁਸੀਂ ਕਿਸ ਨਾਮਧਾਰੀ ਕਲੀਸਿਯਾ ਨਾਲ ਸਬੰਧਤ ਹੋ?"

46 ਤੁਸੀਂ ਕਹਿੰਦੇ ਹੋ, "ਇੱਕ ਮੈਥੋਡਿਸਟ," ਕਿਉਂ, ਤਾਂ ਤੁਸੀਂ ਇੱਕ ਕੰਜਰੀ ਹੋ। "ਮੈਂ ਇੱਕ ਬੈਪਟਿਸਟ ਹਾਂ," ਕੰਜਰੀ। "ਪੈਂਟੀਕੋਸਟਲ," ਤੁਸੀਂ ਇੱਕ ਕੰਜਰੀ ਹੋ। ਤੁਸੀਂ ਉਸ ਕਲੀਸਿਯਾ ਨਾਲ ਸਬੰਧਤ ਹੋ।

47 ਤੁਹਾਨੂੰ ਮਸੀਹ ਨਾਲ ਸਬੰਧਤ ਹੋਣਾ ਚਾਹੀਦਾ ਹੈ। "ਮੈਥੋਡਿਸਟ," "ਬੈਪਟਿਸਟ" ਕਹਿਣ ਦਾ ਕੋਈ ਮਤਲਬ ਨਹੀਂ ਹੈ। ਜੇ ਤੁਸੀਂ ਇੱਕ ਮਸੀਹੀ ਹੋ, ਤਾਂ ਤੁਸੀਂ ਦਿਲ ਤੋਂ ਇੱਕ ਮਸੀਹੀ ਹੋ।

48 ਇਹਨਾਂ ਨਾਮਧਾਰੀ ਕਲੀਸਿਯਾ ਵਿੱਚੋਂ ਹਰ ਇੱਕ ਬੱਚੇ ਪੈਦਾ ਕਰ ਸਕਦੀ ਹੈ, ਪਰਮੇਸ਼ੁਰ ਦੇ ਬੱਚੇ, ਇਹ ਸਹੀ ਹੈ। ਪਰ ਜਦੋਂ ਤੁਸੀਂ ਸੋਚਦੇ ਹੋ ਕਿ ਤੁਸੀਂ ਕੇਵਲ ਇਸ ਕਰਕੇ ਸਵਰਗ ਵਿੱਚ ਜਾ ਰਹੇ ਹੋ ਕਿਉਂਕਿ ਤੁਸੀਂ ਇੱਕ ਮੈਥੋਡਿਸਟ ਜਾਂ ਬੈਪਟਿਸਟ ਹੋ, ਤਾਂ ਤੁਸੀਂ ਗਲਤ ਹੋ। ਅਤੇ ਇਹੀ ਕਾਰਨ ਹੈ ਕਿ ਅਸੀਂ ਉਸ ਚੀਜ਼ ਤੋਂ ਦੂਰ ਰਹਿੰਦੇ ਹਾਂ।

ਬੈਪਟਿਸਟ ਕਿਉਂ ਨਹੀਂ ਦੇਖ ਸਕਦੇ?

49 ਮੈਂ ਇੱਥੇ ਇੱਕ ਮੈਥੋਡਿਸਟ ਆਦਮੀ ਨੂੰ ਪੁੱਛਿਆ, ਇੱਕ ਵਿਸ਼ੇ ਤੇ ਲਿਖਦੇ ਹੋਏ, ਬਹੁਤ ਸਮਾਂ ਪਹਿਲਾਂ। ਉਸਨੇ ਕਿਹਾ, "ਅਸੀਂ ਸਿਰਫ਼ ਇੱਕ ਚੀਜ਼ ਕਰਕੇ ਤੁਹਾਡੇ ਖਿਲਾਫ਼ ਹਾਂ, ਤੁਸੀਂ ਪੈਂਟੇਕੋਸਟਲਾਂ ਦੇ ਨਾਲ ਰਹਿੰਦੇ ਹੋ।"

ਮੈਂ ਕਿਹਾ, "ਇਹ 'ਅਸੀਂ' ਕੌਣ ਹਨ?"

"ਅਸੀਂ, ਮੈਥੋਡਿਸਟ।"

50 ਮੈਂ ਕਿਹਾ, "ਠੀਕ ਹੈ, ਮੈਂ ਤੁਹਾਨੂੰ ਦੱਸਾਂਗਾ ਕਿ ਮੈਂ ਕੀ ਕਰਾਂਗਾ। ਮੈਂ ਤੁਹਾਡੇ ਸ਼ਹਿਰ ਵਿੱਚ ਆਵਾਂਗਾ ਅਤੇ ਤੁਸੀਂ ਮੈਥੋਡਿਸਟਾਂ ਨੂੰ ਇਸ ਦਾ ਪ੍ਰਬੰਧ ਕਰਨ ਦਿਓ।"

"ਔਹ," ਕਿਹਾ, "ਬੇਸ਼ੱਕ, ਅਸੀਂ ਅਜਿਹਾ ਨਹੀਂ ਕਰ ਸਕਦੇ।"

51 ਮੈਂ ਕਿਹਾ, "ਇਹੀ ਤਾਂ ਮੈਂ ਸੋਚਿਆ ਸੀ। ਮੈਂ ਪੇਂਟੇਕੋਸਟਲਾਂ ਦੇ ਨਾਲ ਰਹਿੰਦਾ ਹਾਂ ਕਿਉਂਕਿ ਪੇਂਟੇਕੋਸਟਲ ਇਸ ਤੇ ਵਿਸ਼ਵਾਸ ਕਰਦੇ ਹਨ। ਇਹ ਠੀਕ ਹੈ। ਉਹ ਇਸ ਦੇ ਦੁਆਲੇ ਇਕੱਠੇ ਹੁੰਦੇ ਹਨ। ਉਹੀ ਹਨ ਜੋ ਇਸਦਾ ਲਾਭ ਲੈ ਰਹੇ ਹਨ।"

52 ਕਿੰਨੇ ਲੋਕਾਂ ਨੇ *ਲਾਈਫ* ਮੈਗਜ਼ੀਨ ਵਿਚ ਉਹ ਲੇਖ ਪੜ੍ਹਿਆ ਹੈ, ਹਾਲ ਹੀ ਵਿੱਚ, ਪੈਂਟੀਕੋਸਟਲ ਕਲੀਸਿਯਾ ਬਾਰੇ? ਇਹ ਇਸ ਯੁੱਗ ਵਿੱਚ ਸਭ ਤੋਂ ਮਹਾਨ ਘਟਨਾਵਾਂ ਵਿੱਚੋਂ ਇੱਕ ਹੈ। ਉਹਨਾਂ ਨੇ ਇੱਕ ਸਾਲ ਵਿੱਚ ਬਾਕੀ ਸਾਰੇ ਗਿਰਜਿਆਂ ਨਾਲੋਂ ਵੱਧ ਧਰਮ ਪਰਿਵਰਤਨ ਕੀਤਾ। ਕਿਉਂ? ਉਹਨਾਂ ਦੀਆਂ ਗਲਤੀਆਂ ਵਿੱਚ ਵੀ, ਪਰਮੇਸ਼ੁਰ ਉਹਨਾਂ ਨੂੰ ਅੱਗੇ ਵਧਾਉਂਦਾ ਹੈ, ਕਿਉਂਕਿ ਉਹ ਸੱਚਾਈ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਇਸ ਦੇ ਨਾਲ ਅੱਗੇ ਵਧਦੇ ਹਨ। ਇਹ ਸੱਚ ਹੈ।

53 ਪਰ ਅਸੀਂ ਹੁਣ ਕੀ ਕਰ ਰਹੇ ਹਾਂ? ਸਮਝੇ? ਇਹੀ ਕਾਰਨ ਹੈ ਕਿ ਅਸੀਂ ਨਾਮਧਾਰੀ ਨਹੀਂ ਹੁੰਦੇ। ਅਤੇ ਜਿਵੇਂ ਨਿਸ਼ਚਤ ਤੌਰ ਤੇ ਪੈਂਟੇਕੋਸਟਲ ਨਾਮਧਾਰੀ ਹੁੰਦੇ ਹਨ…

54 ਅਤੇ ਬੀਤੇ ਸਮੇਂ ਵਿੱਚ, ਜਦੋਂ ਪੈਂਟੀਕੋਸਟਲ ਕਲੀਸਿਯਾ ਉੱਤੇ ਪਵਿੱਤਰ ਆਤਮਾ ਪਹਿਲੀ ਵਾਰ ਵਹਾਇਆ ਗਿਆ ਸੀ, ਚਾਲੀ ਸਾਲ ਪਹਿਲਾਂ, ਅਤੇ ਉਹ ਗੈਰ ਜੁਬਾਨਾਂ ਵਿੱਚ ਬੋਲਣਾ ਸ਼ੁਰੂ ਕਰ ਦਿੰਦੇ ਹਨ, ਜੋ ਦਾਨਾਂ ਵਿੱਚੋਂ ਇੱਕ ਹੈ। ਇਹ ਦਾਨਾਂ ਵਿੱਚੋਂ ਸਭ ਤੋਂ ਛੋਟਾ ਹੈ। ਇਹ ਸਭ ਤੋਂ ਛੋਟਾ ਦਾਨ ਹਨ, ਸੰਤ ਪੌਲੁਸ ਦੇ ਅਨੁਸਾਰ, ਗੈਰ ਜੁਬਾਨਾਂ ਵਿੱਚ ਬੋਲਣਾ। ਅਤੇ ਜਿਵੇਂ ਹੀ ਇਹ ਉਤਰਿਆ, "ਔਹ," ਉਹਨਾਂ ਨੇ ਕਿਹਾ, "ਹੁਣ ਸਾਨੂੰ ਇਹ ਮਿਲ ਗਿਆ ਹੈ," ਅਤੇ ਉਹਨਾਂ ਨੇ ਇੱਕ ਨਾਮਧਾਰੀ ਕਲੀਸਿਯਾ ਬਣਾ ਲਈ, ਜਨਰਲ ਕੌਂਸਲ, ਜੋ ਹੁਣ ਅਸੈਂਬਲੀਜ ਆਫ਼ ਗੋਡ ਹਨ। "ਔਹ, ਕਿਸੇ ਨੂੰ ਇਹ ਨਹੀਂ ਮਿਲਿਆ ਜਦੋਂ

ਤੱਕ ਤੁਸੀਂ ਗੈਰ ਜ਼ੁਬਾਨਾਂ ਵਿੱਚ ਨਹੀਂ ਬੋਲਦੇ," ਅਤੇ ਪਰਮੇਸ਼ੁਰ ਬਸ ਉਹਨਾਂ ਤੋਂ ਪਰ੍ਹਾਂ ਹੋ ਕੇ ਅਗਾਂਹ ਵੱਧ ਗਿਆ, ਅਤੇ ਉਹਨਾਂ ਨੂੰ ਉੱਥੇ ਬੈਠੇ ਰਹਿਣ ਦਿੱਤਾ। ਯਕੀਨਨ। ਹਾਂ, ਸ਼੍ਰੀਮਾਨ।

55 ਨਾਲ ਹੀ ਏਕਤਾਵਾਦੀ ਆ ਗਏ, ਅਤੇ ਯਿਸੂ ਦੇ ਨਾਮ ਵਿੱਚ ਬਪਤਿਸਮਾ ਲਿਆ। ਉਹਨਾਂ ਨੇ ਕਿਹਾ, "ਔਹ, ਸਾਨੂੰ ਇਹ ਮਿਲ ਗਿਆ ਹੈ," ਉਹ ਜਥੇਬੰਦ ਹੋ ਗਏ। ਉਹ ਕੀ ਕਰਣਗੇ? ਪਰਮੇਸ਼ੁਰ ਬੱਸ ਬਾਹਰ ਨਿਕਲ ਆਇਆ ਅਤੇ ਉਨ੍ਹਾਂ ਨੂੰ ਉੱਥੇ ਬੈਠੇ ਰਹਿਣ ਲਈ ਛੱਡ ਦਿੱਤਾ।

ਇਹ ਇਸ ਲਈ ਹੈ, "ਜੋ ਚਾਹੇ, ਸੋ ਆਵੇ।"

56 ਵੇਖੋ, ਏਕਤਾਵਾਦੀ ਅਸੈਂਬਲੀਜ ਵਿੱਚ ਨਹੀਂ ਜਾ ਸਕਦੇ। ਅਸੈਂਬਲੀਜ ਵਾਲੇ ਏਕਤਾਵਾਦ ਵੱਲ ਨਹੀਂ ਜਾ ਸਕਦੇ। ਮੈਂ ਕੁਝ ਉੱਤਮ ਆਦਮੀਆਂ ਨਾਲ ਗੱਲਬਾਤ ਕੀਤੀ ਜੋ ਉਨ੍ਹਾਂ ਕੋਲ ਹਨ, ਸ਼੍ਰੀ ਮਾਨ ਗੌਸ, ਅਤੇ ਡਾ. ਪੋਪ, ਅਤੇ ਬਹੁਤ ਸਾਰੇ। ਉਹ ਆਦਮੀ ਜੋ ਮਹਾਨ ਆਦਮੀ ਹਨ...ਮੈਂ ਉਨ੍ਹਾਂ ਦੇ ਨਾਲ ਬੈਠਿਆ। ਮੈਂ ਕਿਹਾ, "ਇੱਕ ਵਿਦਵਾਨ ਹੋਣ ਦੇ ਨਾਤੇ, ਤੁਸੀਂ ਉਸ ਸ਼ੁਰੂਆਤੀ ਸਬੂਤ ਨੂੰ ਕਿਵੇਂ ਸਿਖਾ ਸਕਦੇ ਹੋ?"

57 "ਠੀਕ ਹੈ," ਕਿਹਾ, "ਭਾਈ ਬ੍ਰਨਹਾਮ," ਉਨ੍ਹਾਂ ਵਿੱਚੋਂ ਇੱਕ, ਦੋ ਜਾਂ ਤਿੰਨ, ਸੱਚੇ ਇਮਾਨਦਾਰ ਸਨ, ਕਿਹਾ, "ਅਸੀਂ ਜਾਣਦੇ ਹਾਂ ਕਿ ਇਹ ਗਲਤ ਹੈ, ਪਰ ਅਸੀਂ ਕੀ ਕਰ ਸਕਦੇ ਹਾਂ? ਹੁਣ ਜੇਕਰ ਅਸੀਂ ਇਸ ਬਾਰੇ ਕੁਝ ਕਹਿੰਦੇ ਹਾਂ, ਕਿਉਂ, ਇਹ ਪੂਰੇ ਪ੍ਰੋਗਰਾਮ ਵਿੱਚ ਵਿਘਨ ਪਾ ਦੇਵੇਗਾ। ਯਕੀਨਨ, ਅਤੇ ਤੁਸੀਂ ਹੁਣ ਬਿਸ਼ਪ, ਜਾਂ ਜਨਰਲ ਓਵਰਸੀਅਰ ਨਹੀਂ ਰਹੋਗੇ। ਇਹੀ ਉਨ੍ਹਾਂ ਦੀ ਸੋਚ ਹੈ।

58 ਭਾਈ, ਮੈਂ ਇਸ ਦੀ ਬਜਾਏ ਨੁਕੜ ਵਿੱਚ ਇੱਕ ਛੋਟਾ ਜਿਹਾ ਮਿਸ਼ਨ ਰੱਖਾਂਗਾ, ਜਾਂ ਇੱਕ ਦੇਵਦਾਰ ਦੇ ਰੁੱਖ ਦੇ ਹੇਠਾਂ ਪ੍ਰਚਾਰ ਕਰਾਂਗਾ, ਅਤੇ ਸੱਚਾਈ ਨੂੰ ਰੱਖਾਂਗਾ, ਯਕੀਨਨ, ਅਤੇ ਜਾਣੋ ਕਿ ਤੁਸੀਂ ਸੱਚ ਬੋਲ ਰਹੇ ਹੋ। ਮਨੁੱਖ ਸੱਚ ਨੂੰ ਚਾਹੁੰਦਾ ਹੈ। ਅਤੇ ਤੁਸੀਂ ਇੱਕ ਮਸੀਹੀ ਹੋਣ ਦੀ ਖਾਤਰ, ਸੱਚ ਦੀ ਗਵਾਹੀ ਨੂੰ ਪੇਸ਼ ਕਰਨ ਲਈ ਜ਼ਿੰਮੇਵਾਰ ਹੋ। ਪਰਮੇਸ਼ੁਰ ਤੁਹਾਨੂੰ ਇਸਦੇ ਲਈ ਜ਼ਿੰਮੇਵਾਰ ਠਹਿਰਾਉਣ ਜਾ ਰਿਹਾ ਹੈ।

59 ਫਿਰ, ਇਹਨਾਂ ਚੀਜ਼ਾਂ ਦੇ ਆਧਾਰ ਤੇ, ਜੇ ਤੁਸੀਂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਨਹੀਂ ਲਿਆ ਹੈ, ਅਤੇ ਤੁਸੀਂ ਇਹ ਚੀਜ਼ਾਂ ਨਹੀਂ ਕੀਤੀਆਂ, ਅਤੇ ਤੁਹਾਨੂੰ ਪਵਿੱਤਰ ਆਤਮਾ ਨਹੀਂ ਮਿਲਿਆ...

60 ਤੁਸੀਂ ਕਹਿੰਦੇ ਹੋ, "ਔਹ, ਮੈਂ ਗੈਰ ਜੁਬਾਨਾਂ ਵਿੱਚ ਬੋਲਿਆ।" ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਪਵਿੱਤਰ ਆਤਮਾ ਮਿਲਿਆ ਹੈ।

61 ਮੈਂ ਜਾਦੂਗਰਨੀਆਂ, ਜਾਦੂਗਰਾਂ, ਭੂਤਾਂ ਅਤੇ ਹੋਰ ਸਭ ਕੁਝ ਨੂੰ ਦੇਖਿਆ ਹੈ, ਗੈਰ ਜੁਬਾਨਾਂ ਵਿੱਚ ਬੋਲਦੇ ਹਨ। ਯਕੀਨਨ। ਉਨ੍ਹਾਂ ਕੋਲ ਪਵਿੱਤਰ ਆਤਮਾ ਨਹੀਂ ਹੈ, ਅਤੇ ਤੁਸੀਂ ਇਹ ਜਾਣਦੇ ਹੋ। ਮਨੁੱਖੀ ਖੋਪੜੀ ਵਿੱਚੋਂ ਲਹੂ ਪੀਂਦੇ ਹੋਏ, ਅਤੇ ਨੱਚਦੇ ਹੋਏ, ਅਤੇ ਭੂਤਾਂ ਨੂੰ ਬੁਲਾਉਂਦੇ ਹੋਏ, ਅਤੇ ਭਾਸ਼ਾਵਾਂ ਵਿੱਚ ਬੋਲਦੇ ਹੋਏ। ਯਕੀਨਨ। ਉਨ੍ਹਾਂ ਕੋਲ ਪਵਿੱਤਰ ਆਤਮਾ ਨਹੀਂ ਹੈ।

62 ਇਸ ਲਈ, ਕਿਉਂਕਿ ਤੁਸੀਂ ਗੈਰ ਜੁਬਾਨਾਂ ਵਿੱਚ ਬੋਲੇ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਇਹ ਮਿਲ ਗਿਆ ਹੈ। ਤੁਹਾਡੇ ਕੋਲ ਇਹ ਜਾਣਨ ਦਾ ਇੱਕੋ ਇੱਕ ਤਰੀਕਾ ਹੈ, ਉਹ ਇਹ ਹੈ ਜੱਦ ਤੁਸੀਂ ਜਾਣਦੇ ਹੋ ਕਿ ਤੁਹਾਡੀ ਆਤਮਾ ਉਸਦੀ ਆਤਮਾ ਨਾਲ ਗਵਾਹੀ ਦਿੰਦੀ ਹੈ, ਅਤੇ ਆਤਮਾ ਦੇ ਫਲ ਤੁਹਾਡੇ ਪਿੱਛੇ ਆਉਂਦੇ ਹਨ: ਪ੍ਰੇਮ, ਵਿਸ਼ਵਾਸ, ਅਨੰਦ, ਸ਼ਾਂਤੀ, ਧੀਰਜ, ਭਲਿਆਈ, ਨਿਮਰਤਾ, ਕੋਮਲਤਾ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਪਵਿੱਤਰ ਆਤਮਾ ਮਿਲਿਆ ਹੈ। ਇਹ ਆਪਣੇ ਆਪ ਦੀ ਗਵਾਹੀ ਦਿੰਦਾ ਹੈ।

63 ਹੁਣ, ਜਦੋਂ ਤੁਸੀਂ ਇਸ ਤੇ ਅਰਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਕਿਉਂਕਿ ਤੁਸੀਂ ਅਸੈਂਬਲੀਜ, ਜਾਂ ਬੈਪਟਿਸਟ ਨਾਲ ਸਬੰਧਤ ਹੋ, ਜਾਂ ਪ੍ਰੈਸਬੀਟੇਰੀਅਨ ਨਾਲ, ਤੁਸੀਂ ਵੇਖ ਰਹੇ ਹੋ ਕਿ ਤੁਸੀਂ ਕੀ ਕਰ ਰਹੇ ਹੋ? ਤੁਸੀਂ ਇੱਕ ਕੰਜਰੀ ਦਾ ਨਾਮ ਲੈ ਰਹੇ ਹੋ। ਇਹ ਬਿਲਕੁਲ ਸਹੀ ਹੈ। ਉਸ ਚੀਜ਼ ਵਿੱਚੋਂ ਬਾਹਰ ਨਿਕਲੋ। ਇਸ ਤੋਂ ਦੂਰ ਹੋ ਜਾਓ। ਮੇਰਾ ਮਤਲਬ ਤੁਹਾਡੇ ਗਿਰਜੇ ਜਾਂ ਕਿਸੇ ਚੀਜ ਵਿੱਚੋਂ ਬਾਹਰ ਨਿਕਲਣ ਲਈ ਨਹੀਂ ਹੈ; ਤੁਸੀਂ ਉਹੀ ਕਰੋ ਜੋ ਤੁਸੀਂ ਇਸ ਬਾਰੇ ਕਰਨਾ ਚਾਹੁੰਦੇ ਹੋ। ਪਰ ਇਸ ਉੱਪਰ ਆਸਰਾ ਲੈਣ ਤੋਂ ਹੱਟ ਜਾਓ ਕਿ, "ਔਹ, ਮੈਂ ਪ੍ਰੈਸਬੀਟੇਰੀਅਨ ਹਾਂ। ਅਸੀਂ ਚਮਤਕਾਰਾਂ ਦੇ ਦਿਨਾਂ ਵਿੱਚ ਵਿਸ਼ਵਾਸ ਨਹੀਂ ਕਰਦੇ।" ਤੁਸੀਂ ਇਸ ਤੇ ਵਿਸ਼ਵਾਸ ਕਿਉਂ ਨਹੀਂ ਕਰਦੇ? ਬਾਈਬਲ ਇਸ ਨੂੰ ਸਿਖਾਉਂਦੀ ਹੈ। "ਔਹ, ਮੈਂ ਚਰਚ ਆਫ਼ ਕ੍ਰਾਈਸਟ ਨਾਲ ਸਬੰਧਤ ਹਾਂ। ਉਹ ਕਹਿੰਦੇ ਹਨ ਕਿ ਚਮਤਕਾਰਾਂ ਦੇ ਦਿਨ ਬੀਤ ਚੁੱਕੇ ਹਨ।" ਉਹ ਝੂਠੇ ਨਬੀ ਹਨ।

64 ਮੈਂ ਤੁਹਾਨੂੰ ਦਿਖਾ ਸਕਦਾ ਹਾਂ ਕਿ ਯਿਸੂ ਮਸੀਹ ਨੇ ਕਿੱਥੇ ਕਲੀਸਿਯਾ ਨੂੰ ਸ਼ਕਤੀ ਦਿੱਤੀ ਹੈ, ਬਿਮਾਰਾਂ ਨੂੰ ਚੰਗਾ ਕਰਨ ਲਈ, ਅਤੇ ਮੁਰਦਿਆਂ ਨੂੰ ਜਿਉਂਦਾ ਕਰਨ ਲਈ, ਅਤੇ ਭੂਤਾਂ ਨੂੰ ਕੱਢਣ ਲਈ। ਮੈਂ ਕਿਸੇ ਵੀ ਆਦਮੀ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਮੈਨੂੰ ਬਾਈਬਲ ਵਿਚ ਇਕ ਲਿਖਤ ਦਿਖਾਵੇ ਜਿੱਥੇ ਉਸ ਨੇ ਇਸ ਨੂੰ ਕਲੀਸਿਯਾ ਤੋਂ ਲੈ ਲਿਆ ਸੀ। ਇਸ ਨੂੰ ਕੀ ਲੈ ਗਿਆ? ਤੁਹਾਡਾ ਆਪਣਾ ਸਿਧਾਂਤ, ਬਿਲਕੁਲ, ਨਾ ਕਿ ਪਰਮੇਸ਼ੁਰ ਦਾ ਵਚਨ। ਪਵਿੱਤਰ ਆਤਮਾ

ਅਜੇ ਵੀ ਕੰਮ ਨੂੰ ਪੂਰਾ ਕਰ ਰਿਹਾ ਹੈ, ਉਸੇ ਤਰ੍ਹਾਂ ਹੀ ਚੱਲ ਰਿਹਾ ਹੈ, ਅਤੇ ਉਹ ਹਮੇਸ਼ਾ ਲਈ ਕਰੇਗਾ।

65 ਇਹੀ ਕਾਰਨ ਹੈ ਕਿ ਅਸੀਂ ਨਾਮਧਾਰੀ ਨਹੀਂ ਹਾਂ, "ਭਗਤੀ ਦਾ ਰੂਪ ਧਾਰਦੇ ਹਨ, ਅਤੇ ਉਸ ਦੀ ਸ਼ਕਤੀ ਤੋਂ ਇਨਕਾਰ ਕਰਦੇ ਹਨ; ਅਜਿਹਿਆਂ ਤੋਂ ਦੂਰ ਰਹਿਣਾ।" ਅਸੀਂ ਉਸ ਚੀਜ਼ ਵਿੱਚ ਵਿਸ਼ਵਾਸ ਨਹੀਂ ਕਰਦੇ।

66 ਹੁਣ, ਇਹ ਕਿਵੇਂ ਸ਼ੁਰੂ ਹੋਇਆ? ਸਾਨੂੰ ਜਲਦਬਾਜ਼ੀ ਕਰਨੀ ਪਵੇਗੀ ਅਤੇ ਹੁਣ ਜਿੰਨੀ ਜਲਦੀ ਹੋ ਸਕੇ ਇਸ ਤੇ ਪਹੁੰਚਣਾ ਪਏਗਾ, ਇਹ ਕਿਵੇਂ ਸ਼ੁਰੂ ਹੋਇਆ ਸੀ। ਹੁਣ ਸਾਡੇ ਕੋਲ ਇੱਥੇ ਪਵਿੱਤਰ ਆਤਮਾ ਬਾਰੇ ਬਹੁਤ ਸਾਰੀਆਂ ਲਿਖਤਾਂ ਹਨ।

67 ਅਤੇ ਇੱਕ ਹੋਰ ਗੱਲ, ਅਸੀਂ ਪਿਛਲੀ ਰਾਤ ਇੱਕ ਚੁਣੌਤੀ ਦਿੱਤੀ ਸੀ, "ਸੰਤਾਂ ਦੀ ਦ੍ਰਿੜਤਾ" ਉੱਤੇ, ਉਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਬੈਪਟਿਸਟ ਇਸ ਤੇ ਵਿਸ਼ਵਾਸ ਕਰਦੇ ਹਨ। ਨਹੀਂ, ਸ਼੍ਰੀ ਮਾਨ। ਮੈਂ ਯਕੀਨਨ ਬੈਪਟਿਸਟ ਅਤੇ ਉਨ੍ਹਾਂ ਦੇ ਵਿਚਾਰ ਨਾਲ ਅਸਹਿਮਤ ਹਾਂ, ਉਨ੍ਹਾਂ ਦੇ ਕੈਲਵਿਨਵਾਦ ਦੇ ਸਿਧਾਂਤ ਨਾਲ। ਮੈਂ ਨਿਸ਼ਚਿਤ ਤੌਰ ਤੇ ਪ੍ਰੈਸਬੀਟੇਰੀਅਨਾਂ ਨਾਲ ਅਸਹਿਮਤ ਹਾਂ। ਮੈਂ ਮੈਥੋਡਿਸਟਾਂ ਨਾਲ ਉਹਨਾਂ ਦੇ ਅਰਮੀਨੀਅਨ ਸਿਧਾਂਤ ਦੇ ਵਿਚਾਰ ਨਾਲ ਅਸਹਿਮਤ ਹਾਂ। ਹਾਂ, ਸ਼੍ਰੀਮਾਨ। ਪਰ ਉਹਨਾਂ ਦੋਵਾਂ ਕੋਲ ਇੱਕ ਸੱਚਾਈ ਹੈ, ਪਰ ਤੁਹਾਨੂੰ ਆਪਣੇ ਆਪ ਨੂੰ *ਇੱਥੇ* ਵਾਪਸ ਲਿਆਉਣਾ ਪਏਗਾ ਜਿੱਥੇ ਇਹ ਸੱਚਾਈ ਹੈ। ਜਦੋਂ ਤੁਸੀਂ ਉੱਥੇ ਬਾਹਰ ਦੌੜਦੇ ਹੋ, ਤਾਂ ਤੁਸੀਂ ਇਸਦੇ ਨਾਲ ਜੰਗਲੀ ਦੌੜ ਦੌੜਦੇ ਹੋ। ਯਕੀਨਨ।

68 ਬੈਪਟਿਸਟ ਅੰਦਰ ਆਉਂਦੇ ਹਨ, ਇੱਥੇ ਇੱਕ ਜੋੜੇ ਨੂੰ ਬਪਤਿਸਮਾ ਦਿੰਦੇ ਹਨ, ਡੁਬਕੀ ਦੁਆਰਾ; ਅਤੇ ਪ੍ਰਚਾਰਕ ਉਨ੍ਹਾਂ ਨੂੰ ਬਪਤਿਸਮਾ ਦਿੰਦਾ ਹੈ, ਦਸ ਵਿੱਚੋਂ ਨੌਂ ਸਿਗਰਟ ਪੀਂਦੇ ਹਨ, ਵਾਪਸ ਬਾਹਰ ਜਾਂਦੇ ਹਨ ਅਤੇ ਉੱਥੇ ਖੜ੍ਹੇ ਹੁੰਦੇ ਹਨ, ਅਤੇ ਤਾਸ਼ ਖੇਡਦੇ ਹਨ, ਸਾਰੀ ਰਾਤ ਠੱਗਬਾਜੀ, ਐਧਰ ਉਧਰ ਦੌੜਦੇ ਹਨ, ਅਤੇ ਬੇਈਮਾਨੀ ਨਾਲ ਭਰੇ ਵਪਾਰਕ ਸੌਦੇ ਕਰਦੇ ਹਨ; ਅਤੇ ਸਾਰੀਆਂ ਔਰਤਾਂ ਇੱਥੇ ਨਿੱਕਰਾਂ ਪਹਿਨਦੀਆਂ ਹਨ, ਗਲੀਆਂ ਵਿੱਚ ਐਧਰ ਉਧਰ ਭੱਜੀਆਂ ਫਿਰਦੀਆਂ ਹਨ, ਅਤੇ ਆਪਣੇ ਵਾਲਾਂ ਦੇ ਪਟੇ ਬਣਾਉਂਦੀਆਂ ਹਨ, ਅਤੇ—ਅਤੇ ਸਿਗਰਟ ਪੀਂਦੀਆਂ ਅਤੇ ਗਲਾਂ ਕਰਦੀਆਂ ਹਨ, ਅਤੇ ਛੋਟੀਆਂ ਟਾਂਕੇ-ਅਤੇ-ਸਿਉਂ ਪਾਰਟੀਆਂ, ਅਤੇ ਗੰਦੇ ਚੁਟਕਲੇ ਸੁਣਾਉਂਦੀਆਂ ਹਨ। ਤੁਸੀਂ ਇਸ ਨੂੰ ਮਸੀਹਤ ਕਹਿੰਦੇ ਹੋ? ਅਤੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਕੋਲ ਅਨੰਤ ਸੁਰੱਖਿਆ ਹੈ? ਇਸ ਤਰ੍ਹਾਂ ਤਾਂ ਤੁਸੀਂ ਨਰਕ ਵਿੱਚ ਚਲੇ ਜਾਓਗੇ। ਤੁਸੀਂ ਕਿਸੇ ਵੀ ਤਰ੍ਹਾਂ

ਸਵਰਗ ਵਿੱਚ ਆਪਣੇ ਆਪ ਦਾ ਅਨੰਦ ਨਹੀਂ ਮਾਣੋਗੇ। ਯਕੀਨਨ ਨਹੀਂ। ਇਹ ਅਨੰਤ ਸੁਰੱਖਿਆ ਨਹੀਂ ਹੈ।

ਪਰ ਜਦੋਂ ਇੱਕ ਆਦਮੀ ਪਵਿੱਤਰ ਆਤਮਾ ਤੋਂ ਨਵੇਂ ਸਿਰੇ ਤੋਂ ਜਨਮ ਲੈਂਦਾ ਹੈ…

69 ਅਤੇ ਤੁਸੀਂ ਪੈਂਟੀਕੋਸਟਲ, ਕਿਉਂਕਿ ਤੁਸੀਂ ਉੱਪਰ-ਅਤੇ-ਹੇਠਾਂ ਛਾਲਾਂ ਮਾਰਦੇ ਹੋ, ਗੈਰ ਜੁਬਾਨਾਂ ਵਿੱਚ ਬੋਲਦੇ ਹੋ, ਕੁਰਸੀਆਂ ਦੇ ਵਿਚਕਾਰ ਹੇਠਾਂ-ਉੱਪਰ ਦੌੜਦੇ ਹੋ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਕੋਲ ਅਨੰਤ ਸੁਰੱਖਿਆ ਹੈ। ਤੁਸੀਂ ਕਦੇ ਵੀ ਇਸ ਨੂੰ ਆਪਣੇ ਦਿਮਾਗ ਵਿਚ ਨਾ ਆਉਣ ਦਿਓ। ਨਹੀਂ, ਸ਼੍ਰੀ ਮਾਨ। ਇਹ ਯਕੀਨੀ ਤੌਰ ਤੇ ਨਹੀਂ ਹੈ। ਕਿਉਂਕਿ, ਤੁਸੀਂ ਜਾਣਦੇ ਹੋ ਕਿ ਤੁਹਾਡੀ ਆਪਣੀ—ਤੁਹਾਡੀ ਆਪਣੀ ਜ਼ਿੰਦਗੀ ਤੁਹਾਨੂੰ ਬਾਹਰ ਕਰਦੀ ਹੈ, ਗਵਾਹੀ ਦਿੰਦੀ ਹੈ, ਕਿ ਤੁਸੀਂ ਪਰਮੇਸ਼ੁਰ ਨਾਲ ਸਹੀ ਨਹੀਂ ਹੋ। ਇਹ ਠੀਕ ਹੈ। ਤੁਸੀਂ ਸਹੀ ਨਹੀਂ ਹੋ। ਇਹ ਅਨੰਤ ਸੁਰੱਖਿਆ ਨਹੀਂ ਹੈ, ਹਾਲੇ ਤਕ।

70 ਪਰ ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ। ਕੀ ਕੋਈ ਅਨੰਤ ਸੁਰੱਖਿਆ ਹੈ? ਬਾਈਬਲ ਇਸ ਤਰ੍ਹਾਂ ਕਹਿੰਦੀ ਹੈ। ਬਾਈਬਲ ਵਿਚ ਕਿਹਾ ਗਿਆ ਹੈ ਕਿ ਜਗਤ ਦੀ ਸ਼ੁਰੂਆਤ ਤੋਂ ਪਹਿਲਾਂ ਸਾਡੇ ਨਾਂ ਲੇਲੇ ਦੀ ਜੀਵਨ ਪੁਸਤਕ ਵਿਚ ਰੱਖੇ ਗਏ ਸਨ।

71 ਜਿਵੇਂ ਮੈਂ ਅੱਜ ਸਵੇਰੇ ਕਿਹਾ, ਮੈਂ ਇਸਨੂੰ ਦੁਬਾਰਾ ਕਹਿੰਦਾ ਹਾਂ। ਉਹ ਆਦਮੀ ਜਿਸਨੇ ਗੀਤ ਲਿਖਿਆ ਸੀ, “ਅੱਜ ਰਾਤ ਦੀ ਮਹਿਮਾ ਵਿੱਚ ਇੱਕ ਨਵਾਂ ਨਾਮ ਲਿਖਿਆ ਗਿਆ ਸੀ, ਅਤੇ ਇਹ ਮੇਰਾ ਹੈ,” ਉਸਦਾ ਵਿਚਾਰ ਠੀਕ ਸੀ, ਪਰ ਉਹ ਗਲਤ ਸੀ, ਵਚਨ ਅਨੁਸਾਰ। ਤੁਹਾਡਾ ਨਾਮ ਉਸ ਰਾਤ ਨਹੀਂ ਲਿਖਿਆ ਗਿਆ ਜਿਸ ਰਾਤ ਤੁਸੀਂ ਬਚਾਏ ਸੀ।

72 ਤੁਹਾਡਾ ਨਾਮ, ਬਾਈਬਲ ਦੇ ਅਨੁਸਾਰ, ਪਰਕਾਸ਼ ਦੀ ਪੋਥੀ 13, 17, ਅਤੇ ਇਸ ਤਰ੍ਹਾਂ, “ਜਗਤ ਦੇ ਸ਼ੁਰੂ ਹੋਣ ਤੋਂ ਪਹਿਲਾਂ ਉੱਥੇ ਰੱਖਿਆ ਗਿਆ ਸੀ; ਅਤੇ ਯਿਸੂ ਮਸੀਹ ਨੂੰ ਜਗਤ ਦੀ ਨੀਂਹ ਤੋਂ ਪਹਿਲਾਂ ਘਾਤ ਕੀਤਾ ਗਿਆ ਸੀ।”

73 ਕਿਵੇਂ ਪਰਮੇਸ਼ੁਰ, ਜੋ ਬੇਅੰਤ ਹੈ, ਕਿਵੇਂ ਇੱਕ ਬੇਅੰਤ ਪਰਮੇਸ਼ੁਰ, ਸ਼ੁਰੂਆਤ ਤੋਂ ਹੀ ਅੰਤ ਬਾਰੇ ਜਾਣਦੇ ਹੋਏ, ਉਹ ਧਰਤੀ ਉੱਤੇ ਪਾਪ ਨੂੰ ਆਉਣ ਦੀ ਇਜਾਜ਼ਤ ਕਿਵੇਂ ਦੇ ਸਕਦਾ ਸੀ, ਜੇਕਰ ਇਸ ਪਿੱਛੇ ਕੋਈ ਵਜ੍ਹਾ ਨਹੀਂ ਸੀ?

74 ਹੁਣੇ ਕੁਝ ਚੀਜ਼ਾਂ ਦੇ ਸਮਰੱਥਣ ਲਈ ਜੋ ਅਸੀਂ ਕਹੀਆਂ ਹਨ। ਪਹਿਲਾਂ ਕੀ ਸੀ, ਮੁਕਤੀਦਾਤਾ ਜਾਂ ਪਾਪੀ? [ਕਲੀਸਿਯਾ ਵਿਚ ਕੋਈ ਕਹਿੰਦਾ ਹੈ, “ਮੁਕਤੀਦਾਤਾ।”—ਸੰਪਾ.] ਮੁਕਤੀਦਾਤਾ, ਯਕੀਨਨ। ਕੌਣ ਵਧੇਰੇ ਸ਼ਕਤੀਸ਼ਾਲੀ ਹੈ, ਇੱਕ ਮੁਕਤੀਦਾਤਾ ਜਾਂ ਪਾਪੀ? ਜੇਕਰ ਇੱਕ ਮੁਕਤੀਦਾਤਾ

ਪਾਪ ਨੂੰ ਦੂਰ ਕਰ ਸਕਦਾ ਹੈ, ਤਾਂ ਉਹ ਵਧੇਰੇ ਸ਼ਕਤੀਸ਼ਾਲੀ ਹੈ। ਖੈਰ, ਉਸਨੇ ਸਭ ਤੋਂ ਪਹਿਲਾਂ ਪਾਪ ਹੋਣ ਹੀ ਕਿਉਂ ਦਿੱਤਾ? ਇਹ ਦਿਖਾਉਣ ਲਈ ਕਿ ਉਹ ਇੱਕ ਮੁਕਤੀਦਾਤਾ ਸੀ। ਕਿਹੜਾ ਸਭ ਤੋਂ ਸ਼ਕਤੀਸ਼ਾਲੀ ਹੈ, ਇੱਕ ਚੰਗਾ ਕਰਨ ਵਾਲਾ ਜਾਂ ਬਿਮਾਰੀ? ਇੱਕ ਚੰਗਾ ਕਰਨ ਵਾਲਾ। ਤਾਂ ਫਿਰ ਉਸ ਨੇ ਬਿਮਾਰੀ ਨੂੰ ਕਿਉਂ ਆਉਣ ਦਿੱਤਾ? ਇਹ ਦਿਖਾਉਣ ਲਈ ਕਿ ਉਹ ਇੱਕ ਚੰਗਾ ਕਰਨ ਵਾਲਾ ਸੀ। ਮੈਂ ਇਸ ਸਮੇਂ ਧਾਰਮਿਕ ਮਹਿਸੂਸ ਕਰ ਰਿਹਾ ਹਾਂ। ਹਾਂ, ਸ਼੍ਰੀਮਾਨ। ਔਹ, ਮੇਰੇ! ਇਹ ਉਸ ਦੇ ਗੁਣ ਹਨ।

75 ਇਸ ਲਈ ਉਹ ਮੁਸੀਬਤ ਆਉਣ ਦਿੰਦਾ ਹੈ। ਇਸ ਲਈ ਉਹ ਦੁੱਖ ਆਉਣ ਦਿੰਦਾ ਹੈ, ਇਹ ਦਿਖਾਉਣ ਲਈ ਕਿ ਉਹ ਆਨੰਦ ਹੈ। ਯਕੀਨਨ, ਇਹ ਹੈ। ਇਸ ਲਈ ਸਾਡੇ ਕੋਲ ਇੱਕ ਰਾਤ ਹੈ, ਇਹ ਸਾਬਤ ਕਰਨ ਲਈ ਕਿ ਇੱਕ ਦਿਨ ਹੈ। ਇਸ ਲਈ ਸਾਡੇ ਕੋਲ ਗੁੱਸਾ ਹੈ, ਇਹ ਦਿਖਾਉਣ ਲਈ ਕਿ ਸ਼ਾਂਤੀ ਹੈ। ਯਕੀਨਨ, ਇਸ ਦੇ ਦੋ ਪਹਿਲੂ ਹਨ। ਔਹ, ਉਹ ਸ਼ਾਨਦਾਰ ਹੈ।

76 ਹੁਣ, ਇਹ ਕਿਵੇਂ ਸ਼ੁਰੂ ਹੋਇਆ? ਅਸੀਂ ਸਿੱਧੇ ਇਸ ਤੇ ਆਵਾਂਗੇ, ਜਿੰਨੀ ਜਲਦੀ ਅਸੀਂ ਕਰ ਸਕਦੇ ਹਾਂ, ਤਾਂ ਜੋ ਮੈਂ ਤੁਹਾਨੂੰ ਸਾਰੀ ਰਾਤ ਨਾ ਰੋਕੀ ਰੱਖਾਂ। ਹੁਣ, ਸਾਰੀਆਂ ਚੀਜ਼ਾਂ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ।

77 ਅਤੇ ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ। ਹੁਣ ਇਹ ਹੋ ਸਕਦਾ ਹੈ... ਤੁਸੀਂ ਇਸ ਨੂੰ ਆਪਣੀ ਉਪਰਲੀ ਜੇਬ ਵਿਚ ਫਸਾ ਲਵੋ। ਇਸ ਗੱਲ ਨੂੰ ਐਵੇਂ ਨਾ ਜਾਣੋ ਕਿਓਂ ਜੋ ਇਹ ਕੋਈ ਆਮ ਭੋਜਨ ਨਹੀਂ ਹੈ। ਪਰ ਇਸ ਨੂੰ ਸੁਣੋ।

78 ਜੇਕਰ ਤੁਸੀਂ ਇੱਕ ਅਨੰਤ ਜੀਵ ਹੋ, ਤਾਂ ਤੁਹਾਡੀ ਕਦੇ ਵੀ ਸ਼ੁਰੂਆਤ ਨਹੀਂ ਸੀ, ਜਾਂ ਕਦੇ ਵੀ ਅੰਤ ਨਹੀਂ ਹੋ ਸਕਦਾ। ਕਿਉਂਕਿ, *ਅਨੰਤ* ਸ਼ਬਦ "ਜਿਸਦੀ ਕੋਈ ਸ਼ੂਰਆਤ ਜਾਂ ਅੰਤ ਨਹੀਂ ਹੈ" ਤੋਂ ਆਇਆ ਹੈ।

79 ਕੀ ਤੁਹਾਨੂੰ ਇਹ ਯਾਦ ਨਹੀਂ ਹੈ? ਮੈਂ ਕਿਹਾ ਸੀ, ਅੱਜ ਸਵੇਰੇ, ਕਿ ਕਿਵੇਂ ਉਹ ਮਲਕਿਸਿਦਕ, ਜਦੋਂ ਉਹ ਅਬਰਾਹਾਮ ਨੂੰ ਮਿਲਿਆ ਜੱਦ ਉਹ ਰਾਜਿਆਂ ਦਾ ਕਤਲ ਕਰਕੇ ਆ ਰਿਹਾ ਸੀ। ਅਤੇ ਬਾਈਬਲ ਨੇ ਕਿਹਾ, ਇਬਰਾਨੀਆਂ 7 ਵਿੱਚ, ਕਿ—ਕਿ, "ਲੇਵੀ ਨੇ ਮਲਕਿਸਿਦਕ ਨੂੰ ਦਸਵੰਧ ਦਿੱਤਾ, ਜਦੋਂ ਉਹ ਆਪਣੇ ਪਿਤਾ ਅਬਰਾਹਾਮ ਦੀ ਦੇਹ ਵਿੱਚ ਸੀ।" ਅਬਰਾਹਾਮ ਨੇ ਇਸਹਾਕ ਨੂੰ ਜਨਮ ਦਿੱਤਾ; ਇਸਹਾਕ ਨੇ ਯਾਕੂਬ ਨੂੰ ਜਨਮ ਦਿੱਤਾ; ਯਾਕੂਬ ਨੇ ਲੇਵੀ ਨੂੰ ਜਨਮ ਦਿੱਤਾ। ਉਹ ਪਿਤਾ, ਦਾਦਾ ਅਤੇ ਪੜਦਾਦਾ ਸਨ। ਅਤੇ ਜਦੋਂ ਲੇਵੀ ਆਪਣੇ ਪੜਦਾਦੇ ਦੀ ਦੇਹ ਵਿੱਚ ਸੀ, ਬਾਈਬਲ ਉਸ ਨੂੰ ਮਲਕੀਸਿਦਕ ਨੂੰ ਦਸਵੰਧ ਦੇਣ ਦਾ ਸਿਹਰਾ ਦਿੰਦੀ ਹੈ। ਅਨੰਤ ਬਾਰੇ ਗੱਲ ਕਰਦੇ ਹੋ! ਮੇਰੇ, ਮੇਰੇ! ਉਸਨੇ ਕਦੇ ਨਹੀਂ ਕਿਹਾ, "ਉਸਨੇ ਇਹ ਪਰਛਾਂਵੇ ਵਿੱਚ ਕੀਤਾ; ਉਸਨੇ ਸੰਭਾਵਤ

ਤੌਰ ਤੇ ਅਜਿਹਾ ਕੀਤਾ।” ਬਾਈਬਲ ਕਹਿੰਦੀ ਹੈ, “ਉਸ ਨੇ ਦਸਵੰਧ ਦਿੱਤਾ।” ਆਮੀਨ।

80 ਫਿਰ, ਜੇ ਅਸੀਂ ਸਹੀ ਬੀਜ ਰਹਿਣ ਆਏ ਹਾਂ, ਤਾਂ ਜਦੋਂ ਪੌਲੁਸ ਨੇ ਇੰਜੀਲ ਦਾ ਪ੍ਰਚਾਰ ਕੀਤਾ ਤਾਂ ਮੈਂ ਉੱਥੇ ਸੀ ਅਤੇ ਤੁਸੀਂ ਵੀ ਉੱਥੇ ਸੀ। ਅਸੀਂ ਇਸ ਵਿੱਚ ਆਵਾਂਗੇ, ਬਸ ਇੱਕ ਮਿੰਟ ਵਿੱਚ, ਆਪਣੇ ਕੰਨਾਂ ਨਾਲ ਧਿਆਨ ਦਿਆਂਗੇ। ਧਿਆਨ ਦਿਓ, ਇਹ ਉਹੀ ਹੈ ਜੋ ਵਚਨ ਦਾ ਦਾਅਵਾ ਹੈ, ਸਾਡੇ ਲਈ, ਇੱਥੋਂ ਤੱਕ ਕਿ ਪਿਛਾਂਹ ਤਕ ਵੀ ਗਿਆ।

81 ਜ਼ਰਾ ਸੋਚੋ! ਲੇਵੀ; ਫਿਰ ਯਾਕੂਬ, ਉਸਦਾ ਪਿਤਾ; ਫਿਰ ਇਸਹਾਕ, ਉਸਦਾ ਪਿਤਾ; ਫਿਰ ਅਬਰਾਹਾਮ, ਉਸਦਾ ਪਿਤਾ; ਉਸਦੇ ਪੜਦਾਦਾ। ਜਦੋਂ ਲੇਵੀ ਆਪਣੇ ਪੜਦਾਦੇ ਦੀ ਦੇਹ ਵਿੱਚ ਸੀ, ਤਾਂ ਉਸਨੇ ਮਲਕੀਸਿਦਕ ਨੂੰ ਦਸਵੰਧ ਦਿੱਤਾ।

82 ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ। ਇਹ ਕੌਣ ਹੈ, ਅੱਯੂਬ 27…38, ਜਦੋਂ ਉਸਨੇ ਕਿਹਾ, “ਜਦੋਂ ਮੈਂ ਧਰਤੀ ਦੀ ਨੀਂਹ ਰੱਖੀ ਤਾਂ ਤੂੰ ਕਿੱਥੇ ਸੀ? ਜਦੋਂ ਸਵੇਰ ਦੇ ਤਾਰੇ ਇਕੱਠੇ ਗਾਉਂਦੇ ਸਨ, ਅਤੇ ਪਰਮੇਸ਼ੁਰ ਦੇ ਪੁੱਤਰ ਅਨੰਦ ਦੇ ਨਾਲ ਜੈਕਾਰੇ ਗਜਾਉਂਦੇ ਸਨ?” ਪਰਮੇਸ਼ੁਰ ਦੇ ਉਹ ਪੁੱਤਰ ਕੌਣ ਸਨ ਜੋ ਅਨੰਦ ਦੇ ਨਾਲ ਜੈਕਾਰੇ ਗਜਾਉਂਦੇ ਸਨ? ਯਿਸੂ ਨੇ ਉਨ੍ਹਾਂ ਨੂੰ ਕਿਹਾ, “ਜਗਤ ਦੀ ਨੀਂਹ ਤੋਂ ਪਹਿਲਾਂ ਮੈਂ ਤੁਹਾਡੇ ਨਾਲ ਅਨੰਦ ਸੀ।” ਅਸੀਂ ਸਮੇਂ ਦੇ ਜੀਵ ਨਹੀਂ ਹਾਂ। ਅਸੀਂ ਅਨੰਤਾ ਦੇ ਜੀਵ ਹਾਂ।

83 “ਕੋਈ ਵੀ ਮਨੁੱਖ ਮੇਰੇ ਕੋਲ ਨਹੀਂ ਆ ਸਕਦਾ, ਜਦੋਂ ਤੱਕ ਮੇਰਾ ਪਿਤਾ ਉਹ ਨੂੰ ਨਾ ਖਿੱਚੇ। ਅਤੇ ਉਹ ਸਭ ਜੋ ਮੇਰੇ ਕੋਲ ਆਉਂਦੇ ਹਨ, ਮੈਂ ਉਨ੍ਹਾਂ ਨੂੰ ਅਨੰਤ ਜੀਵਨ ਦਿਆਂਗਾ, ਮੈਂ ਅੰਤ ਦੇ ਦਿਨ ਉਹ ਨੂੰ ਜੀਉਂਦਾ ਉਠਾਵਾਂਗਾ। ਕੋਈ ਵੀ ਉਨ੍ਹਾਂ ਨੂੰ ਮੇਰੇ ਪਿਤਾ ਦੇ ਹੱਥੋਂ ਨਹੀਂ ਖੋਹ ਸਕਦਾ, ਜੋ ਉਸਨੇ ਮੈਨੂੰ ਦਿੱਤੇ ਹਨ।” ਤੁਸੀਂ ਕਿਵੇਂ ਹਾਰ ਸਕਦੇ ਹੋ?

84 ਦੇਖੋ, ਤੁਸੀਂ ਡਰ ਗਏ ਹੋ। ਤੁਸੀਂ ਡਰਦੇ ਹੋ। ਤੁਸੀਂ ਇਧਰ ਉਧਰ ਭੱਜੋਗੇ। ਅਤੇ ਇਹ ਸਭ ਤੋਂ ਵਧੀਆ ਸਬੂਤਾਂ ਵਿੱਚੋਂ ਇੱਕ ਹੈ, ਸੰਸਾਰ ਵਿੱਚ, ਤੁਸੀਂ ਅਜੇ ਤੱਕ ਕਿਤੇ ਵੀ ਨਹੀਂ ਪਹੁੰਚੇ ਹੋ। ਇਹ ਠੀਕ ਹੈ। ਪਰਮੇਸ਼ੁਰ ਤੁਹਾਨੂੰ ਕਿਵੇਂ ਬਚਾ ਸਕਦਾ ਹੈ ਜੇਕਰ ਉਹ…

85 ਇਸ ਕਲੀਸਿਯਾ ਵਿੱਚ ਕਿੰਨੇ ਲੋਕ ਆਪਣੇ ਹੱਥ ਉਠਾਉਣਗੇ, ਅਤੇ ਵਿਸ਼ਵਾਸ ਕਰਨਗੇ ਕਿ ਪਰਮੇਸ਼ੁਰ ਅਨੰਤ ਹੈ? ਕੀ ਤੁਸੀਂ ਜਾਣਦੇ ਹੋ ਕਿ *ਅਨੰਤ* ਸ਼ਬਦ ਦਾ ਕੀ ਅਰਥ ਹੈ? ਇਹ ਤਾਂ ਬਸ ਸੰਪੂਰਣ ਹੈ। ਅਨੰਤ, ਤੁਸੀਂ ਨਹੀਂ—ਤੁਸੀਂ *ਅਨੰਤ* ਸ਼ਬਦ ਦੀ ਵਿਆਖਿਆ ਨਹੀਂ ਕਰ ਸਕਦੇ।

86 ਕੀ ਤੁਸੀਂ ਕਦੇ ਆਪਣੇ ਕੈਮਰੇ ਨੂੰ ਅਨੰਤਤਾ ਜਾਂ ਇਨਫਿਨਿਟ ਉੱਤੇ ਤੇ ਸੈੱਟ ਕੀਤਾ ਹੈ? ਕਿਉਂ, ਉਸ ਤੋਂ ਬਾਅਦ ਹੀ ਇਹ ਮਾਇਨੇ ਰੱਖਦਾ ਹੈ। ਠੀਕ ਹੈ। ਇਸ ਨੂੰ ਹੋਰ ਜਿਆਦਾ ਕੇਂਦਰਿਤ ਕਰਨ ਦਾ ਕੋਈ ਤਰੀਕਾ ਨਹੀਂ ਹੈ।

87 ਖੈਰ, ਪਰਮੇਸ਼ੁਰ ਇਹੀ ਹੈ। ਉਹ ਅਨੰਤ ਹੈ। ਅਤੇ ਜੇਕਰ ਉਹ ਅਨੰਤ ਹੈ, ਤਾਂ ਇੱਥੇ ਕੋਈ ਭਰਿੰਡ, ਕੋਈ ਮੱਖੀ, ਕੋਈ ਪਿੱਸੂ, ਕੋਈ ਜੂੰ, ਕੋਈ ਸਿਉਂਕ ਨਹੀਂ ਹੋ ਸਕਦੀ, ਜਾਂ ਕੁਝ ਵੀ ਨਹੀਂ ਜੋ ਧਰਤੀ ਤੇ ਕਦੇ ਸੀ, ਜਾਂ ਕਦੇ ਹੋਵੇਗਾ, ਜਿਸ ਬਾਰੇ ਪਰਮੇਸ਼ੁਰ ਜਗਤ ਦੀ ਰਚਨਾ ਤੋਂ ਪਹਿਲਾਂ ਨਹੀਂ ਜਾਣਦਾ ਸੀ। ਬੇਅੰਤ ਦੀ ਕੋਈ ਧਾਰਨਾਵਾਂ ਹਨ।

88 ਖੈਰ, ਫਿਰ, ਇੱਕ ਅਨੰਤ ਪਰਮੇਸ਼ੁਰ ਜੋ ਤੁਹਾਨੂੰ ਇੱਥੇ ਬਚਾਉਂਦਾ ਹੈ, ਇਹ ਜਾਣਦੇ ਹੋਏ ਕਿ ਉਹ ਤੁਹਾਨੂੰ ਅਗਲੇ ਹਫਤੇ ਗੁਆ ਦੇਵੇਗਾ, ਜਾਂ ਅਗਲੇ ਮਹੀਨੇ, ਜਾਂ ਅਗਲੇ ਸਾਲ, ਕਿਉਂ, ਉਹ ਆਪਣੇ ਹੀ ਮਕਸਦ ਨੂੰ ਹਰਾ ਰਿਹਾ ਹੈ। ਉਹ ਤੁਹਾਨੂੰ ਗੁਆ ਨਹੀਂ ਸਕਦਾ। "ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ ਪਰਤੀਤ ਕਰਦਾ ਹੈ ਜਿਨ੍ਹ ਮੈਨੂੰ ਘੱਲਿਆ, ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ, ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ।" ਇਹ ਨਹੀਂ ਕਰ ਸਕਦਾ। ਤੁਸੀਂ ਹੋਰ ਨਹੀਂ…

89 "ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਪਾਪ ਨਹੀਂ ਕਰਦਾ; ਕਿਉਂ ਜੋ ਉਹ ਦਾ ਬੀਜ ਓਸ ਵਿੱਚ ਰਹਿੰਦਾ ਹੈ, ਅਤੇ ਉਹ ਪਾਪ ਨਹੀਂ ਕਰ ਸੱਕਦਾ।" ਉਹ ਕਿਵੇਂ ਪਾਪ ਕਰ ਸਕਦਾ ਹੈ ਜੱਦ ਉਸਦੇ ਲਈ ਪਾਪ ਦੀ ਬਲੀ ਦਿੱਤੀ ਗਈ ਹੈ?

90 ਜਦੋਂ ਮੈਂ ਪੂਰੀ ਤਰ੍ਹਾਂ ਸਿਹਤਮੰਦ ਹਾਂ ਤਾਂ ਮੈਂ ਬਿਮਾਰ ਕਿਵੇਂ ਹੋ ਸਕਦਾ ਹਾਂ? ਜਦੋਂ ਮੈਂ ਦੇਖ ਸਕਦਾ ਹਾਂ ਤਾਂ ਮੈਂ ਅੰਨ੍ਹਾ ਕਿਵੇਂ ਹੋ ਸਕਦਾ ਹਾਂ? ਔਹ, ਮੇਰੇ! ਮੈਂ ਇੱਕੋ ਸਮੇਂ ਇਮਾਰਤ ਵਿੱਚ ਅਤੇ ਇਮਾਰਤ ਤੋਂ ਬਾਹਰ ਕਿਵੇਂ ਹੋ ਸਕਦਾ ਹਾਂ? ਮੈਂ ਇੱਕੋ ਸਮੇਂ ਸ਼ਰਾਬੀ ਅਤੇ ਸੂਫ਼ੀ ਕਿਵੇਂ ਹੋ ਸਕਦਾ ਹਾਂ? ਤੁਸੀਂ ਇਹ ਨਹੀਂ ਕਰ ਸਕਦੇ।

91 ਅਤੇ ਜਦੋਂ ਤੁਸੀਂ ਬਚਾਏ ਜਾਂਦੇ ਹੋ, ਤੁਸੀਂ ਪ੍ਰਾਸਚਿਤ ਦੇ ਅਧੀਨ ਹੋ, ਅਤੇ ਤੁਹਾਡੇ ਪਾਪ ਗਿਣੇ ਨਹੀਂ ਜਾਂਦੇ। ਕੀ ਦਾਊਦ ਨੇ ਇਹ ਨਹੀਂ ਕਿਹਾ ਸੀ, "ਧੰਨ ਹੈ ਉਹ ਪੁਰਖ ਯਹੋਵਾਹ ਜਿਸ ਦੇ ਪਾਪ ਨੂੰ ਨਹੀਂ ਗਿਣਦਾ, ਅਤੇ ਜਿਹ ਦੀ ਬਦੀ ਯਹੋਵਾਹ ਉਹ ਦੇ ਲੇਖੇ ਨਹੀਂ ਲਾਉਂਦਾ"? ਪਰਮੇਸ਼ੁਰ ਆਪਣੀ ਸ੍ਰਿਸ਼ਟੀ ਦੇ ਵਿਰੁੱਧ ਪਾਪ ਨਹੀਂ ਗਿਣਦਾ। ਇਹ ਕਠੋਰ ਹੈ। ਇਹ ਲੱਸੀ ਨਹੀਂ ਹੈ। ਪਰ ਇਹ ਬਾਈਬਲ ਹੈ। ਪਰਮੇਸ਼ੁਰ ਧਰਮੀ ਲੋਕਾਂ ਲਈ ਪਾਪ ਨਹੀਂ ਗਿਣੇਗਾ।

92 "ਪਰਮੇਸ਼ੁਰ," ਉਸਦੀ ਕਿਰਪਾ ਦੁਆਰਾ, ਪੂਰਵ ਨਿਰਧਾਰਨ ਦੁਆਰਾ, "ਉਹ ਨਹੀਂ ਚਾਹੁੰਦਾ ਕਿ ਕਿਸੇ ਦਾ ਨਾਸ ਹੋਵੇ, ਸਗੋਂ ਸੱਭੇ ਤੋਬਾ ਵੱਲ ਮੁੜਨ।"

ਪਰ ਅਨੰਤ ਹੋਣ ਕਰਕੇ, ਅਤੇ ਜਾਣਦੇ ਹੋਏ ਕਿ ਕੌਣ ਆਵੇਗਾ ਅਤੇ ਕੌਣ ਨਹੀਂ ਆਵੇਗਾ, ਉਹ ਆਪਣੀ ਇੱਛਾ ਅਨੁਸਾਰ ਕੰਮ ਕਰਨ ਲਈ ਸਭ ਕੁਝ ਪੂਰਵ ਨਿਰਧਾਰਤ ਕਰ ਸਕਦਾ ਸੀ। ਜੇ ਉਸਨੇ ਅਜਿਹਾ ਨਹੀਂ ਕੀਤਾ, ਤਾਂ ਉਸਨੇ ਪਹਿਲਾਂ ਪਾਪ ਨੂੰ ਆਉਣ ਹੀ ਕਿਉਂ ਦਿੱਤਾ? ਜੱਦ ਉਹ ਇੱਕ ਮੁਕਤੀਦਾਤਾ ਸੀ...ਜੇ ਕੋਈ ਪਾਪੀ ਨਾ ਹੁੰਦਾ, ਤਾਂ ਉਹ ਕਦੇ ਵੀ ਮੁਕਤੀਦਾਤਾ ਨਹੀਂ ਹੁੰਦਾ; ਇਹ ਗੁਣ, ਜੋ ਉਸ ਵਿੱਚ ਸੀ, ਬਾਹਰ ਨਹੀਂ ਆ ਸਕਦਾ ਸੀ।

93 ਉਹ ਕਿਵੇਂ ਇੱਕ ਚੰਗਾ ਕਰਨ ਵਾਲਾ ਬਣਿਆ? ਉਹ ਕਦੇ ਇੱਕ ਚੰਗਾ ਕਰਨ ਵਾਲਾ ਕਿਵੇਂ ਬਣਿਆ? ਕਿਉਂਕਿ ਉਸਨੇ ਬਿਮਾਰੀ ਨੂੰ ਆਉਣ ਦਿੱਤਾ, ਤਾਂ ਜੋ ਉਹ ਆਪਣੇ ਆਪ ਨੂੰ ਇੱਕ ਚੰਗਾ ਕਰਨ ਵਾਲਾ ਦਿਖਾ ਸਕੇ। ਉਹ ਇੱਕ ਚੰਗਾ ਕਰਨ ਵਾਲਾ ਸੀ। ਤੁਸੀਂ ਕਦੇ ਕਿਵੇਂ...ਉਹ ਕਿਵੇਂ ਜਾਣਿਆ ਜਾਂਦਾ? ਉਸ ਦਾ ਗੁਣ ਕਿਵੇਂ ਕੰਮ ਕਰ ਸਕਦਾ ਸੀ? ਉਹ ਇੱਕ ਚੰਗਾ ਕਰਨ ਵਾਲਾ ਕਿਵੇਂ ਹੋ ਸਕਦਾ ਸੀ, ਜੇ ਕਦੇ ਕੋਈ ਬਿਮਾਰੀ ਨਾ ਹੁੰਦੀ? ਉਸਨੂੰ ਬਿਮਾਰੀ ਨੂੰ ਇਜਾਜ਼ਤ ਦੇਣੀ ਪਈ।

94 ਕੋਈ ਹੈਰਾਨੀ ਦੀ ਗੱਲ ਨਹੀਂ, ਪੌਲੁਸ ਨੇ, ਰੋਮੀਆਂ 8 ਵਿੱਚ ਕਿਹਾ, "ਮੂਰਖ ਆਦਮੀ, ਘੁਮਿਆਰ ਨੂੰ—ਨੂੰ ਕੌਣ ਦੱਸ ਸਕਦਾ ਹੈ ਕਿ ਇਸ ਬਾਰੇ ਕੀ ਕਰਨਾ ਹੈ; ਕੌਣ, ਜਦੋਂ ਮਿੱਟੀ ਢਾਲੀ ਜਾਂਦੀ ਹੈ ਅਤੇ ਕਹੇ, 'ਤੂੰ, ਮੈਨੂੰ ਇਸ ਤਰ੍ਹਾਂ, ਕਿਉਂ ਬਣਾਇਆ?' ਕੀ ਉਸ ਨੇ ਫ਼ਿਰਊਨ ਨੂੰ ਇਸੇ ਮਕਸਦ ਲਈ ਨਹੀਂ ਖੜਾ ਕੀਤਾ ਸੀ, ਕਿ ਉਹ ਮਿਸਰ ਵਿੱਚ ਆਪਣੀ ਮਹਿਮਾ ਦਿਖਾਵੇ? ਉਹ ਜਿਸਨੂੰ ਚਾਹੁੰਦਾ ਹੈ ਉਸਨੂੰ ਕਠੋਰ ਬਣਾਉਂਦਾ ਹੈ, ਅਤੇ ਜਿਸਨੂੰ ਉਹ ਚਾਹੁੰਦਾ ਹੈ ਉਸਨੂੰ ਧਰਮੀ ਠਹਿਰਾਉਂਦਾ ਹੈ। ਇਹ ਤਾਂ ਨਾ ਚਾਹੁਣ ਵਾਲੇ ਦਾ, ਨਾ ਦੌੜ ਭੱਜ ਕਰਨ ਵਾਲੇ ਦਾ, ਸਗੋਂ ਪਰਮੇਸ਼ੁਰ ਦਾ ਕੰਮ ਹੈ ਜਿਹੜਾ ਦਯਾ ਕਰਦਾ ਹੈ।"

95 ਇਸ ਲਈ, ਤੁਹਾਡਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਤੁਸੀਂ ਕੁਝ ਵੀ ਨਹੀਂ ਕਰਨਾ ਹੈ। ਜੇ ਇਹ ਕਿਰਪਾ ਹੈ, ਜੇ ਇਹ ਇੱਕ ਮੁਫਤ ਦਾਨ ਹੈ, ਤਾਂ ਤੁਸੀਂ ਇਸ ਬਾਰੇ ਕੁਝ ਨਹੀਂ ਕਰ ਸਕਦੇ। ਪਰਮੇਸ਼ੁਰ ਨੇ ਇਹ ਤੁਹਾਨੂੰ ਦਿੱਤਾ ਹੈ, ਅਤੇ ਪਰਮੇਸ਼ੁਰ ਦੀ ਇਹੀ ਇੱਛਾ ਹੈ। ਇਹ ਉਹ ਚੀਜ਼ ਹੈ ਜੋ ਪਰਮੇਸ਼ੁਰ ਨੇ ਤੁਹਾਡੇ ਲਈ ਪਹਿਲਾਂ ਤੋਂ ਠਹਿਰਾਈ ਹੈ।

96 ਬਾਈਬਲ ਵਿਚ ਕਿਹਾ ਗਿਆ ਹੈ ਕਿ ਅਸੀਂ "ਲੇਪਾਲਕ ਪੁੱਤਰ ਹੋਣ ਲਈ ਠਹਿਰਾਏ ਗਏ ਹਾਂ, ਪਰਮੇਸ਼ੁਰ ਦੇ ਪੁੱਤਰ, ਜਗਤ ਦੀ ਨੀਂਹ ਤੋਂ ਪਹਿਲਾਂ।" ਫਿਰ, ਜੱਦ ਪਰਮੇਸ਼ੁਰ ਨੇ ਲੇਲੇ ਨੂੰ ਘਾਤ ਕੀਤਾ, ਆਪਣੇ ਵਿਚਾਰਾਂ ਵਿੱਚ, ਜਗਤ ਦੀ ਨੀਂਹ ਤੋਂ ਪਹਿਲਾਂ, ਆਪਣੇ ਗੁਣਾਂ ਨੂੰ ਸਾਬਤ ਕਰਨ ਲਈ, ਜੋ ਉਹ ਸੀ; ਜਦੋਂ ਲੇਲਾ ਘਾਟ ਕੀਤਾ ਗਿਆ ਸੀ, ਅਸੀਂ ਇਸ ਦੇ ਨਾਲ ਘਾਤ ਕੀਤੇ ਗਏ ਸਾਂ। ਜਦੋਂ

ਉਸਨੇ ਲੇਲੇ ਦਾ ਲਹੂ ਆਪਣੇ ਵਿਚਾਰਾਂ ਵਿੱਚ ਵੇਖਿਆ, ਉੱਥੇ ਹੀ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ, ਮੇਰੇ ਅਤੇ ਤੁਹਾਡੇ ਨਾਮ ਉਸ ਸਮੇਂ ਕਿਤਾਬ ਵਿੱਚ ਲਿਖੇ ਗਏ ਸਨ, ਸਭ ਉਸਦੇ ਮਹਾਨ ਵਿਚਾਰਾਂ ਵਿੱਚ।

97 ਉਹ ਅਨੰਤ ਹੈ। ਜੇ ਉਸਨੇ ਨਹੀਂ ਕੀਤਾ, ਤਾਂ ਉਸਨੇ ਇਸਦੀ ਇਜਾਜ਼ਤ ਕਿਉਂ ਦਿੱਤੀ? ਸਭ ਤੋਂ ਤਾਕਤਵਰ ਕੌਣ ਹੈ, (ਮੈਂ ਕਿਹਾ ਸੀ,) ਇੱਕ ਮੁਕਤੀਦਾਤਾ ਜਾਂ ਪਾਪੀ? ਕਿਸ ਕੋਲ ਸਭ ਤੋਂ ਵੱਧ ਤਾਕਤ ਹੈ? ਫਿਰ, ਤਾਕਤਵਰ ਨੇ ਕਮਜੋਰ ਨੂੰ ਇਜਾਜ਼ਤ ਦੇਣੀ ਹੁੰਦੀ ਹੈ, ਅਤੇ ਉਹ ਇਹ ਸਿਰਫ਼ ਆਪਣੀ ਮਹਿਮਾ ਲਈ ਕਰਦਾ ਹੈ। ਜਦੋਂ ਉਸਨੇ ਲੂਸੀਫਰ ਨੂੰ ਬਣਾਇਆ, ਉਸਨੂੰ ਪਤਾ ਸੀ ਕਿ ਉਹ ਸ਼ੈਤਾਨ ਬਣ ਜਾਵੇਗਾ। ਉਸਨੂੰ ਇਹ ਦਿਖਾਉਣ ਲਈ ਇਸ ਨੂੰ ਉੱਥੇ ਰਹਿਣ ਦਿੱਤਾ ਕਿ ਉਹ ਮੁਕਤੀਦਾਤਾ, ਮਸੀਹ ਸੀ। ਉਸਨੂੰ ਇਸ ਤਰ੍ਹਾਂ ਹੋਣ ਦੇਣਾ ਪਿਆ।

98 ਹੁਣ, ਕੀ ਬਾਈਬਲ ਇਹ ਨਹੀਂ ਕਹਿੰਦੀ, ਕਿ, "ਸਭ ਚੀਜ਼ਾਂ ਮਿਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ ਜੋ ਪਰਮੇਸ਼ੁਰ ਨੂੰ ਪ੍ਰੇਮ ਕਰਦੇ ਹਨ"? ਤਾਂ ਤੁਸੀਂ ਕਿਸ ਗੱਲ ਤੋਂ ਡਰਦੇ ਹੋ?

ਆਓ ਅਸੀਂ ਉਠੀਏ ਅਤੇ ਕੰਮ ਕਰੀਏ,
ਕਿਸੇ ਵੀ ਵਿਵਾਦ ਨਾਲ ਨਜਿੱਠਣ ਲਈ ਲਈ ਹਿੰਮਤ ਰੱਖੀਏ।
ਗੂੰਗੇ ਡੰਗਰਾਂ ਵਾਂਗ ਨਾ ਬਣੋ, ਜਿਨ੍ਹਾਂ ਦੇ ਤਰਲੇ ਕਰਨੇ ਪੈਂਦੇ ਹਨ ਅਤੇ ਮਨਾਉਣਾ ਪੈਂਦਾ ਹੈ!
ਪਰ ਇੱਕ ਨਾਇਕ ਬਣੋ!

99 ਮੈਨੂੰ ਇਹ ਪਸੰਦ ਹੈ। ਖੜੇ ਹੋ ਜਾਓ! ਇੱਕ ਛੋਟੀ ਜਿਹੀ ਕਵਿਤਾ ਜੋ ਮੇਰੀ ਬਚਪਨ ਵਿੱਚ ਬਹੁਤ ਮਦਦ ਕਰਦੀ ਸੀ, ਕੁਝ ਇਸ ਤਰ੍ਹਾਂ ਹੈ:

ਇੱਕ ਨੇਕ ਰੋਮੀ ਸੀ,
ਰੋਮੀਆਂ ਦੇ ਸਮਰਾਟ ਦਿਨਾਂ ਵਿੱਚ;
ਜਿਸਨੇ ਇੱਕ ਡਰਪੋਕ ਇਹ ਕਹਿੰਦੇ ਸੁਣਿਆ,
ਕਿਲ੍ਹੇ ਦੇ ਸਾਹਮਣੇ ਕਹਿੰਦੇ ਹੋਏ:
"ਔਹ, ਅਜਿਹੇ ਦੇਵਦਾਰ ਦੇ ਰੁੱਖ ਵਿੱਚ ਸੁਰੱਖਿਆ ਹੈ,
ਕੋਈ ਵੀ ਇਸ ਨੂੰ ਹਿਲਾ ਨਹੀਂ ਸਕਦਾ।"
"ਔਹ ਨਹੀਂ," ਨਾਇਕ ਨੇ ਕਿਹਾ,
"ਮੈਂ ਇੱਕ ਰਸਤਾ ਲੱਭਾਂਗਾ ਜਾਂ ਇਸਨੂੰ ਬਣਾਵਾਂਗਾ।"

100 ਉਥੇ ਤੁਸੀਂ ਹੋ। ਇਹ ਠੀਕ ਹੈ। ਜੇ ਇਹ ਬਾਈਬਲ ਸਿਖਾਉਂਦੀ ਹੈ ਕਿ ਯਿਸੂ ਮਸੀਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ ਹੈ...ਇਹ ਕੋਈ ਆਸਾਨ ਗੱਲ ਨਹੀਂ ਸੀ ਜਦੋਂ ਮੈਂ ਉਸ ਦਿਨ ਇਸ ਡੇਰੇ ਤੋਂ ਬਾਹਰ ਨਿਕਲਿਆ ਸੀ, ਅਤੇ ਹਰ ਕੋਈ ਮੈਨੂੰ ਦੱਸ ਰਿਹਾ ਹੈ ਕਿ *ਇਹ* ਹੋਵੇਗਾ, ਅਤੇ *ਇਹ* ਹੋ ਜਾਵੇਗਾ। "ਤੁਹਾਨੂੰ ਕੱਟੜਪੰਥੀ ਸਮਝਿਆ ਜਾਵੇਗਾ, ਜੇਲ੍ਹ ਵਿੱਚ ਸੁੱਟ ਦਿੱਤਾ ਜਾਵੇਗਾ, ਅਤੇ ਸਾਰੇ ਮੈਡੀਕਲ ਸੰਸਥਾਵਾਂ ਤੁਹਾਡੇ ਵਿਰੁੱਧ ਹੋ ਜਾਣਗੀਆਂ।" ਪਰ ਪਰਮੇਸ਼ੁਰ ਨੇ ਕਿਹਾ ਕਿ ਇਹ ਕਰੋ। ਬਾਈਬਲ ਨੇ ਕਿਹਾ ਕਿ ਉਹ ਸੀ। ਅਤੇ ਹੁਣ ਉਸ ਹਰੇਕ ਦੇਸ਼ ਵਿੱਚ ਇੱਕ ਬੇਦਾਰੀ ਦੀ ਅੱਗ ਬਲ੍ਹ ਰਹੀ ਹੈ ਜੋ ਅਸਮਾਨ ਦੇ ਹੇਠਾਂ ਹੈ। ਕਿਉਂ? ਇਸ ਦੇ ਲਈ ਖੜੇ ਹੋਵੋ!

> ਤੁਸੀਂ ਹਰ ਰੋਜ਼ ਆਪਣੇ ਕੰਮ ਨਾਲ ਕਿਵੇਂ ਨਜਿੱਠਦੇ ਹੋ?
> ਕੀ ਤੁਸੀਂ ਉਸ ਕੰਮ ਤੋਂ ਡਰਦੇ ਹੋ ਜੋ ਤੁਹਾਨੂੰ ਮਿਲਦਾ ਹੈ?
> ਕੀ ਤੁਸੀਂ ਉਸ ਕੰਮ ਕਰਨ ਲਈ ਖੜ੍ਹੇ ਹੋ ਸਕਦੇ ਹੋ ਜੋ ਅੱਗੇ ਹੈ?
> ਕੀ ਤੁਹਾਡਾ ਮਨ ਥੱਕਿਆ ਹੋਇਆ ਅਤੇ ਖਾਲੀ ਹੈ? (ਮੈਨੂੰ ਇਸ ਤੋਂ ਨਫ਼ਰਤ ਹੈ।)
> ਜਾਂ ਕੀ ਤੁਸੀਂ ਉਸ ਕੰਮ ਲਈ ਖੜ੍ਹੇ ਹੋ ਜੋ ਅੱਗੇ ਹੈ,
> ਜਾਂ ਉਸ ਦੇ ਲਈ ਤੁਹਾਨੂੰ ਡਰ ਲੱਗ ਰਿਹਾ ਹੈ?
> ਜੇ ਅਜਿਹਾ ਹੈ, ਤਾਂ ਅਗਲੇ ਕੰਮ ਨੂੰ ਨਾਲ ਨਜਿੱਠੋ ਜੋ ਤੁਹਾਨੂੰ ਮਿਲਦਾ ਹੈ,
> ਇਹ ਸੋਚੋ ਕਿ ਤੁਸੀਂ ਇਹ ਕਰਨ ਜਾ ਰਹੇ ਹੋ।

101 ਇਸ ਦੇ ਨਾਲ ਰਹੋ। ਯਕੀਨਨ। ਆਪਣੇ ਦਿਲ ਵਿੱਚ ਇਰਾਦਾ ਕਰੋ, ਦਾਨੀਏਲ ਵਾਂਗ। ਪਰਮੇਸ਼ੁ ਦੇ ਨਾਲ ਰਹੋ।

102 "ਇਹ ਸਭ ਕਿੱਥੇ ਹੋਇਆ? ਇਹ ਕਿਵੇਂ ਹੋਇਆ? ਕੀ ਹੈ ਜੋ ਲੋਕਾਂ ਨੂੰ ਇਸ ਤਰ੍ਹਾਂ ਬਣਾਉਂਦਾ ਹੈ? ਕਿਉਂ ਅਸੀਂ ਨਾਸ਼ ਹੋਣ ਲਈ ਤਿਆਰ ਹਾਂ? ਭਾਈ ਬ੍ਰਨਹਾਮ, ਮੈਨੂੰ ਸਮਝਾਓ। ਤੁਸੀਂ ਕਿਉਂ ਸੋਚਦੇ ਹੋ ਕਿ ਇਹ ਸਭ ਕੁਝ ਮਿਟਾਇਆ ਜਾਣਾ ਚਾਹੀਦਾ ਹੈ?" ਇਸ ਨੂੰ ਪਹਿਲਾਂ ਇੱਕ ਵਾਰ ਮਿਟਾਇਆ ਗਿਆ ਸੀ, (ਕੀ ਇਹ ਸਹੀ ਹੈ?) ਐਂਟੀਲੁਵਿਅਨ ਯਾਨੀ ਨੂਹ ਦੇ ਸਮੇਂ ਦੇ ਵਿਨਾਸ਼ ਵਿੱਚ। ਹੁਣ ਇੱਥੇ ਕੁਝ ਡੂੰਘੀਆਂ ਗੱਲਾਂ ਆਉਂਦੀਆਂ ਹਨ। ਅਤੇ ਅਸੀਂ ਪੜ੍ਹਨ ਲਈ ਤਿਆਰ ਹੋਵਾਂਗੇ।

103 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਹੁਣ ਮੇਰੇ ਨਾਲ, ਉਤਪਤ ਦੀ ਕਿਤਾਬ ਵਿੱਚ, ਤੀਜੇ ਅਧਿਆਇ ਵਿੱਚ ਆਓ। ਜੇ ਤੁਸੀਂ ਕੁਝ ਵੀ ਜਾਣਨਾ ਚਾਹੁੰਦੇ

ਹੋ, ਤਾਂ ਮੈਂ ਤੁਹਾਨੂੰ ਉਤਪਤ ਦੀ ਇਸ ਕਿਤਾਬ ਵਿੱਚ ਦਿਖਾ ਸਕਦਾ ਹਾਂ ਜਿੱਥੇ ਹਰ ਪੰਥ ਅਤੇ ਹਰ ਵਾਦ, ਅਤੇ ਸਭ ਕੁਝ ਜੋ ਅੱਜ ਸਾਡੇ ਕੋਲ ਹੈ, ਉਤਪਤ ਵਿੱਚ ਸ਼ੁਰੂ ਹੋਇਆ ਸੀ। ਕਿੰਨੇ ਲੋਕ ਜਾਣਦੇ ਹਨ ਕਿ *ਉਤਪਤ* ਦਾ ਅਰਥ ਹੈ "ਸ਼ੁਰੂਆਤ"? ਯਕੀਨਨ।

104 ਅਸੀਂ ਸ਼ੁਰੂਆਤ ਵਿੱਚ ਕੈਥੋਲਿਕ ਕਲੀਸਿਯਾ ਨੂੰ ਵੇਖਦੇ ਹਾਂ, ਬਾਬਲ, ਨਿਮਰੋਦ ਜਿਹੜਾ ਮੋਢੀ ਸੀ; ਸਾਨੂੰ ਇਹ ਬਾਈਬਲ ਦੇ ਮੱਧ ਵਿੱਚ ਮਿਲਦਾ ਹੈ, ਅਸੀਂ ਇਸਨੂੰ ਬਾਈਬਲ ਦੇ ਅਖੀਰ ਵਿੱਚ ਪਾਉਂਦੇ ਹਾਂ; ਅਸੀਂ ਵੇਖਦੇ ਹਾਂ, ਮਹਿਲਾ ਪ੍ਰਚਾਰਕਾਂ ਨੂੰ ਲਿਆਉਣ ਦੀ ਕੋਸ਼ਿਸ਼ ਕਰਦੇ ਹੋਏ, ਬਾਈਬਲ ਦੀ ਸ਼ੁਰੂਆਤ ਵਿੱਚ, ਜੜ੍ਹਾਂ ਤੋਂ ਬਣੀਆਂ ਛੋਟੀਆਂ ਮੂਰਤੀਆਂ ਦੀ ਪੂਜਾ ਕਰਕੇ। ਕਿੰਨੇ ਲੋਕਾਂ ਨੇ ਹਿਸਲੋਪਜ਼ ਦੇ, *ਦੋ ਬਾਬਲਾਂ*, ਦੇ ਇਤਿਹਾਸ ਨੂੰ ਪੜ੍ਹਿਆ ਹੈ? ਠੀਕ ਹੈ। ਇਹਨਾਂ ਇਤਿਹਾਸਾਂ ਵਿੱਚ, ਪਤਾ ਲਗਾਓ। ਉਹਨਾਂ ਕੋਲ ਇੱਕ ਔਰਤ ਸੀ… ਅਤੇ ਫਿਰ, ਕੀ ਤੁਹਾਨੂੰ ਯਾਦ ਹੈ? ਇੱਥੋਂ ਤੱਕ ਕਿ ਯਾਕੂਬ ਨੇ ਆਪਣੇ ਪਿਤਾ ਦੇ ਦੇਵਤਿਆਂ ਨੂੰ ਚੁਰਾ ਲਿਆ, ਅਤੇ ਉਸਦੀ ਧੀ ਨੇ ਉਨ੍ਹਾਂ ਨੂੰ ਆਪਣੇ ਕੋਲ ਲੁਕਾ ਲਿਆ ਅਤੇ ਉਨ੍ਹਾਂ ਨੂੰ ਉਜਾੜ ਵਿੱਚ ਲੈ ਗਈ, ਜਿਸ ਨੇ ਬਾਅਦ ਵਿੱਚ, ਡੇਰੇ ਨੂੰ ਪਲੀਤ ਕੀਤਾ। ਠੀਕ ਹੈ।

105 ਆਓ ਹੁਣ ਉਤਪਤ ਵਿਚ ਪੜ੍ਹੀਏ।

> *ਸੱਪ ਸਭ ਜੰਗਲੀਂ ਜਾਨਵਰਾਂ ਨਾਲੋਂ ਜਿਨ੍ਹਾਂ ਨੂੰ ਯਹੋਵਾਹ ਪਰਮੇਸ਼ੁਰ ਨੇ ਬਣਾਇਆ ਸੀ ਚਾਤਰ ਸੀ। ਅਤੇ ਉਸ ਨੇ ਉਸ ਤੀਵੀਂ ਨੂੰ ਆਖਿਆ, ਭਲਾ ਪਰਮੇਸ਼ੁਰ ਨੇ ਸੱਚ ਮੁੱਚ ਆਖਿਆ ਹੈ, ਕਿ ਬਾਗ ਦੇ ਕਿਸੇ ਬਿਰਛ ਤੋਂ ਤੁਸੀਂ ਨਾ ਖਾਓ?*
>
> *…ਤੀਵੀਂ ਨੇ ਸੱਪ ਨੂੰ ਆਖਿਆ, ਕਿ ਬਾਗ ਦੇ ਬਿਰਛਾਂ ਦੇ ਫਲੋਂ ਤਾਂ ਅਸੀਂ ਖਾਂਦੇ ਹਾਂ:*
>
> *ਪਰ ਜਿਹੜਾ ਬਿਰਛ…ਬਾਗ ਦੇ ਵਿਚਕਾਰ ਹੈ ਉਸ ਦੇ ਫਲ ਤੋਂ, ਪਰਮੇਸ਼ੁਰ ਨੇ ਆਖਿਆ, ਤੁਸੀਂ ਨਾ ਖਾਓ, ਨਾ ਹੀ ਤੁਸੀਂ ਉਹ ਨੂੰ ਹੱਥ ਲਾਓ, ਅਜਿਹਾ ਨਾ ਹੋਵੇ ਕਿ ਤੁਸੀਂ ਮਰ ਜਾਓ।*
>
> *ਪਰ ਸੱਪ ਨੇ ਤੀਵੀਂ ਨੂੰ ਆਖਿਆ, ਕਿ ਤੁਸੀਂ ਕਦੀ ਨਾ ਮਰੋਗੇ:*
>
> *ਸਗੋਂ ਪਰਮੇਸ਼ੁਰ ਜਾਣਦਾ ਹੈ ਕਿ ਜਿਸ ਦਿਨ ਤੁਸੀਂ ਉਸ ਤੋਂ ਖਾਓਗੇ, ਤੁਹਾਡੀਆਂ ਅੱਖੀਆਂ ਖੁਲ੍ਹ ਜਾਣਗੀਆਂ,* (ਵੇਖੋ, ਨਵੀਂ ਰੋਸ਼ਨੀ ਦੀ ਖੋਜ), *ਅਤੇ ਤੁਸੀਂ ਪਰਮੇਸ਼ੁਰ ਵਾਂਙੁ, ਭਲੇ ਬੁਰੇ ਦੀ ਸਿਆਣ ਵਾਲੇ ਹੋ ਜਾਓਗੇ।*

106 ਦੇਖੋ ਕਿ ਅੱਜ ਇਹ ਲੋਕ ਕਿਸ ਤਰ੍ਹਾਂ, ਬਾਈਬਲ ਵਿੱਚੋਂ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ? "ਕਿਉਂ, ਕੀ ਬਸ ਡੋਲ੍ਹਣਾ ਸੌਖਾ ਨਹੀਂ ਹੈ, ਜਾਂ ਛਿੜਕਣਾ, ਜਾਂ *ਇਸ* ਤਰੀਕੇ ਨਾਲ, ਜਾਂ *ਉਸ* ਤਰੀਕੇ ਨਾਲ?" ਨਹੀਂ, ਸ਼੍ਰੀ ਮਾਨ। ਪਰਮੇਸ਼ੁਰ ਨੇ ਇੱਕ ਜੁਗਤ ਬਣਾਈ, ਅਤੇ ਸਾਨੂੰ ਉਸਦਾ ਹੀ ਅਨੁਸਰਣ ਕਰਨਾ ਚਾਹੀਦਾ ਹੈ, *ਇਹ*।

> *ਜਾਂ ਤੀਵੀਂ ਨੇ ਵੇਖਿਆ ਕਿ ਉਹ ਬਿਰਛ ਖਾਣ ਲਈ ਚੰਗਾ ਹੈ ਅਤੇ ਅੱਖੀਆਂ ਨੂੰ ਭਾਉਂਦਾ ਹੈ, ਅਤੇ ਉਹ ਬਿਰਛ…ਬੁੱਧ ਦੇਣ ਲਈ ਲੋੜੀਂਦਾ ਹੈ, ਤਾਂ ਉਸ ਨੇ ਉਹ ਦੇ ਫਲ ਤੋਂ ਲਿਆ, ਤੇ ਆਪ ਖਾਧਾ, ਨਾਲੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸ ਨੇ ਖਾਧਾ।*
>
> *ਅਤੇ ਉਨ੍ਹਾਂ ਦੋਹਾਂ ਦੀਆਂ ਅੱਖੀਆਂ ਖੁਲ੍ਹ ਗਈਆਂ, ਅਤੇ ਉਨ੍ਹਾਂ ਨੇ ਜਾਣ ਲਿਆ…ਕਿ ਉਹ ਨੰਗੇ ਸਨ; ਸੋ ਉਨਾਂ ਨੇ ਫਗੂੜੀ ਦੇ ਪੱਤੇ ਸੀਉਂਕੇ ਆਪਣੇ ਲਈ ਤਹਿਮਦ ਬਣਾਏ।*

107 ਮੈਂ ਇੱਥੇ ਇੱਕ ਮਿੰਟ ਲਈ ਰੁਕਣਾ ਚਾਹਾਂਗਾ। ਹੁਣ, ਇੱਥੇ ਹਰ ਚੀਜ਼ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ। ਤੁਹਾਡੀ ਇੱਕ ਸ਼ੁਰੂਆਤ ਸੀ। ਹੁਣ ਅਸੀਂ… ਇੱਥੇ ਮੈਂ ਪੂਰੀ ਗੱਲ ਦੀ ਬੁਨਿਆਦ ਰੱਖਣਾ ਚਾਹੁੰਦਾ ਹਾਂ, ਹੁਣ, ਅਸੀਂ ਇਹਨਾਂ ਪਿਛਲੀਆਂ ਦੋ ਸਭਾਵਾਂ ਵਿੱਚ, ਅਤੇ ਇੱਥੇ ਬਾਰੇ ਗੱਲ ਕੀਤੀ ਹੈ।

108 ਹੁਣ, ਅੱਜ ਸਵੇਰੇ ਅਸੀਂ ਪਿਛਾਂਹ ਗਏ ਅਤੇ ਨਾਟਕੀ ਰੂਪ ਦਿੱਤਾ, ਬਾਈਬਲ ਵਿੱਚ, ਕਿ ਜਦੋਂ ਪਰਮੇਸ਼ੁਰ ਧਰਤੀ ਨੂੰ ਬਣਾ ਰਿਹਾ ਸੀ, ਜੱਦ ਉਹ ਗੈਸਾਂ ਬਣਾ ਰਿਹਾ ਸੀ; ਅਤੇ ਫਿਰ ਉਹ ਗੈਸਾਂ ਕੈਲਸ਼ੀਅਮ, ਅਤੇ ਪੋਟਾਸ਼, ਅਤੇ—ਅਤੇ ਵੱਖ ਵੱਖ ਚੀਜ਼ਾਂ ਬਣ ਗਈਆਂ। ਉਹ ਤੁਹਾਡੀ ਦੇਹ ਬਣਾ ਰਿਹਾ ਸੀ। ਉਹ ਇਮਾਰਤ ਵਿਛਾ ਰਿਹਾ ਸੀ, ਇੱਕ ਮਹਾਨ ਉਸਤਾਦ ਮਿਸਤਰੀ ਵਾਂਗ, ਜਿਵੇਂ ਇੱਕ ਠੇਕੇਦਾਰ ਰਿਹਾਇਸ਼ੀ ਯੋਜਨਾ ਬਣਾਉਣ ਲਈ ਆਪਣੀ ਸਮੱਗਰੀ ਵਿਛਾਉਂਦਾ ਹੈ। ਉਹ ਤੁਹਾਡੀ ਦੇਹ ਬਣਾ ਰਿਹਾ ਸੀ, ਅਤੇ ਉਸਨੇ ਇਸਨੂੰ ਉੱਥੇ ਵਿਛਾਇਆ ਹੋਇਆ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ, ਉਸਦੇ ਮਨ ਵਿੱਚ, ਕੀ ਕੀਤਾ ਜਾਣਾ ਸੀ।

109 *ਇਹ* ਹੱਥ, ਪਰਮੇਸ਼ੁਰ ਨੇ ਇਸ ਹੱਥ ਨੂੰ ਉਸ ਤੋਂ ਪਹਿਲਾਂ ਬਣਾਇਆ ਸੀ…ਜਦੋਂ ਉਹ ਜਗਤ ਨੂੰ ਬਣਾ ਰਿਹਾ ਸੀ; ਪਰ, ਇਸ ਤੋਂ ਪਹਿਲਾਂ ਕਿ ਇੱਕ ਜਗਤ ਹੁੰਦਾ ਉਸ ਨੇ ਮੇਰੀ ਆਤਮਾ ਬਣਾਈ। ਹੁਣ, ਪਰ ਇਹ ਹੱਥ ਅਤੇ ਇਹ ਸਰੀਰ, ਉਸਨੇ ਉਸ ਵੇਲੇ ਬਣਾਇਆ ਜਦੋਂ ਉਸਨੇ ਜਗਤ ਬਣਾਇਆ, ਕਿਉਂਕਿ ਇਹ ਸਰੀਰ ਧਰਤੀ ਵਿੱਚੋਂ ਬਾਹਰ ਆਇਆ ਹੈ, ਅਤੇ ਧਰਤੀ ਵਿੱਚ ਵਾਪਸ

ਜਾ ਰਿਹਾ ਹੈ। ਪਰਮੇਸ਼ੁਰ ਨੇ ਇਸ ਨੂੰ ਬਣਾਇਆ। ਉਸਨੇ ਇਹ ਸਭ ਆਪਣੇ ਮਹਾਨ ਨਕਸ਼ੇ ਅਤੇ ਉਸਦੇ ਪ੍ਰੋਗਰਾਮ ਵਿੱਚ ਰੱਖਿਆ।

110 ਹੁਣ, ਜਦੋਂ ਉਹ ਧਰਤੀ ਬਣਾਉਣ ਲਈ ਗਿਆ, ਉਸਨੇ ਮਨੁੱਖ ਬਣਾਇਆ, ਅਤੇ ਆਦਮੀ ਸਹੀ ਨਹੀਂ ਦਿੱਖ ਰਿਹਾ ਸੀ। ਹੁਣ ਸਾਡੇ ਕੋਲ ਇਹ ਸੀ, ਅੱਜ ਸਵੇਰੇ, ਨਾਟਕ ਵਿੱਚ ਗਏ ਸੀ, ਕਿਵੇਂ ਉਹ ਪਿਤਾ ਹੇਠਾਂ ਆਇਆ ਅਤੇ ਆਪਣੇ ਪੁੱਤਰ ਵੱਲ ਦੇਖਿਆ, ਉਸ ਦੇ ਸਰੂਪ ਵਿੱਚ ਬਣਿਆ ਹੋਇਆ, ਅਤੇ ਇਸ ਤਰ੍ਹਾਂ। ਫਿਰ ਉਸਨੇ ਉਸ ਦੇ ਲਈ ਇੱਕ ਪਤਨੀ, ਇੱਕ ਸਹਾਇਕਣ ਬਣਾਈ।

111 ਹੁਣ, ਯਾਦ ਰੱਖੋ, ਕਿ, ਧਰਤੀ ਦੇ ਸਾਰੇ ਜੀਵ ਜੰਤੂਆਂ ਦਾ ਨਾਮ, ਆਦਮ ਨੇ ਰੱਖਿਆ ਸੀ।

112 ਉਸ ਨੇ ਡੰਗਰ ਬਣਾਏ, ਅਤੇ ਪਸ਼ੂ, ਅਤੇ ਸਭ ਕੁਝ ਬਣਾਇਆ। ਅਤੇ ਅੱਜ, ਅਸੀਂ...ਕਾਲਵਿਗਿਆਨੀ ਅਤੇ—ਅਤੇ ਵਿਗਿਆਨ ਦੇ ਵੱਖ ਵੱਖ ਮਹਾਨ ਦਿਮਾਗ, ਕੋਸ਼ਿਸ ਕਰ ਰਹੇ ਹਨ, ਛੇ ਹਜ਼ਾਰ ਸਾਲਾਂ ਤੋਂ, ਉਸ ਗੁੰਮ ਹੋਏ ਜੋੜ ਨੂੰ ਲੱਭਣ ਲਈ, ਕਿਉਂ ਉਹ ਜਾਨਵਰ...ਮਨੁੱਖ ਪਸ਼ੂ ਜੀਵਨ ਹੈ। ਅਸੀਂ ਇਹ ਜਾਣਦੇ ਹਾਂ, ਕਿ ਅਸੀਂ ਬਣਾਏ...

113 ਅਤੇ ਇੱਕ ਔਰਤ ਇੱਕ ਆਦਮੀ ਦਾ ਕੇਵਲ ਇੱਕ ਹਿੱਸਾ ਹੈ, ਇੱਕ ਉਪ-ਉਤਪਾਦ ਹੈ। ਔਰਤ ਮੂਲ ਰਚਨਾ ਵਿੱਚ ਨਹੀਂ ਸੀ। ਪਰਮੇਸ਼ੁਰ ਨੇ ਰਚਨਾ ਕਰਨੀ ਛੱਡ ਦਿੱਤੀ ਸੀ, ਵਰ੍ਹਿਆਂ ਅਤੇ ਵਰ੍ਹਿਆਂ ਤੋਂ, ਜਦੋਂ ਤੱਕ ਉਸਨੇ ਔਰਤ ਨੂੰ ਉਸਦੀ ਇੱਕ ਪਸਲੀ ਕੱਢ ਕੇ ਨਹੀਂ ਬਣਾਇਆ। ਆਦਮ ਨੇ ਸਾਰੇ ਜੀਵਾਂ ਦੇ ਨਾਮ ਰੱਖ ਦਿੱਤੇ ਸਨ, ਹੋਰ ਸਭ ਦੇ, ਪਰ ਉਹ ਆਪਣੇ ਲਈ ਕੁਝ ਵੀ ਨਹੀਂ ਸੀ। ਇਸ ਲਈ, ਉਸਨੇ ਉਸਦੇ ਲਈ ਇੱਕ ਸਹਾਇਕਣ ਬਣਾਈ; ਉਸ ਦੀ ਵੱਖੀ ਵਿੱਚੋਂ ਇੱਕ ਪਸਲੀ ਲਈ, ਜਖਮ ਨੂੰ ਬੰਦ ਕਰ ਦਿੱਤਾ, ਅਤੇ ਉਸ ਲਈ ਇੱਕ ਸਹਾਇਕਣ ਬਣਾ ਦਿੱਤੀ। ਅਤੇ ਆਦਮੀ, ਉਸਦੀ ਆਤਮਾ ਵਿੱਚ, ਨਰ ਅਤੇ ਨਾਰੀ ਦੋਵੇਂ ਸੀ।

114 ਅਤੇ ਇੱਕ ਔਰਤ ਇੱਕ ਆਦਮੀ ਦਾ ਇੱਕ ਹਿੱਸਾ ਹੈ। ਅਤੇ ਜਦੋਂ ਇੱਕ ਆਦਮੀ ਆਪਣੇ ਲਈ ਇੱਕ ਪਤਨੀ ਲੈਂਦਾ ਹੈ, ਅਤੇ ਜੇਕਰ ਉਹ ਸਹੀ ਢੰਗ ਨਾਲ ਉਸਦੀ ਪਤਨੀ ਹੈ, ਇੱਕ ਪਰਮੇਸ਼ੁਰ ਦੁਆਰਾ ਦਿੱਤੀ ਗਈ ਪਤਨੀ, ਤਾਂ ਉਹ ਉਸ ਲਈ ਉਸ ਦੇ ਆਪਣੇ ਹਿੱਸੇ ਜਿਹੀ ਹੋਵੇਗੀ।

115 ਇਹੀ ਕਾਰਨ ਹੈ ਕਿ ਤੁਹਾਡੇ ਵਿਆਹ ਵਿੱਚ ਬਹੁਤ ਸਾਰੇ ਨੈਤਿਕ ਵਿਵਾਦ ਹਨ, ਕਿਉਂਕਿ ਤੁਸੀਂ ਬਾਹਰ ਜਾਂਦੇ ਹੋ ਅਤੇ ਸੁੰਦਰ ਭੂਰੀਆਂ ਅੱਖਾਂ ਜਾਂ ਨੀਲੀਆਂ ਅੱਖਾਂ ਵਾਲੀ ਕਿਸੇ ਕੁੜੀ ਨੂੰ ਦੇਖਦੇ ਹੋ, ਜਾਂ ਇਸ ਤਰ੍ਹਾਂ ਦੀ ਕੋਈ ਚੀਜ਼, ਅਤੇ ਕੁਝ ਸਰੀਰਕ ਸੁੰਦਰਤਾ, ਅਤੇ ਤੁਸੀਂ ਉਸਦੇ ਲਈ ਆਕਰਸ਼ਿਤ ਹੋ ਜਾਂਦੇ ਹੋ।

ਪਹਿਲੀ ਵਾਰ ਜਦੋਂ ਉਸਦਾ ਪਹਿਲਾ ਬੱਚਾ ਹੁੰਦਾ ਹੈ, ਉਸ ਦੇ ਦੰਦ ਨਿਕਲਦੇ ਹਨ, ਅਤੇ ਉਸਨੂੰ ਝੁਰੜੀਆਂ ਆ ਜਾਂਦੀਆਂ ਹਨ ਅਤੇ ਬੁੱਢੀ ਹੋ ਜਾਂਦੀ ਹੈ, ਅਤੇ ਫਿਰ ਤੁਸੀਂ ਉਸਨੂੰ ਬਾਹਰ ਕੱਢਣਾ ਚਾਹੁੰਦੇ ਹੋ। ਅਤੇ ਤੁਹਾਡੇ ਵਿੱਚੋਂ ਕੁਝ ਔਰਤਾਂ ਕਿਸੇ ਛੋਟੇ ਲੜਕੇ ਨੂੰ ਉਸ ਦੇ ਚੀਕਣੇ ਵਾਲਾਂ ਨੂੰ ਹੇਠਾਂ ਲਹਿਰਾਉਂਦੇ ਵੇਖਦੀਆਂ ਹੋ, ਅਤੇ ਇਸ ਤੇ ਆਪਣੀ ਮਾਂ ਦੇ ਤੇਲ ਦੀ ਅੱਧੀ ਡੱਬੀ ਡੋਲੀ ਹੁੰਦੀ ਹੈ, ਅਤੇ ਘੁੰਗਰਾਲੇ ਵਾਲ। ਅਤੇ ਇਹ ਸਾਰੇ ਝੜ ਜਾਣਗੇ; ਮੈਂ ਇਹ ਅਨੁਭਵ ਦੁਆਰਾ ਜਾਣਦਾ ਹਾਂ। ਪਰ ਕੀ ਹੁੰਦਾ ਹੈ? ਇਹ ਕੀ ਹੈ? ਤੁਸੀਂ ਉਸ ਨਾਲ ਭਰਮਾਈਆਂ ਜਾਂਦੀਆਂ ਹੋ।

116 ਤੁਹਾਨੂੰ ਪਹਿਲਾਂ, ਪ੍ਰਾਰਥਨਾ ਕਰਨੀ ਚਾਹੀਦੀ ਹੈ, ਕਿਉਂਕਿ ਇੱਕ ਔਰਤ ਤੁਹਾਡਾ ਹਿੱਸਾ ਹੈ। ਅਤੇ ਜੇਕਰ ਤੁਸੀਂ ਇੱਕ ਔਰਤ ਨੂੰ ਆਪਣੀ ਛਾਤੀ ਨਾਲ ਲਾਇਆ ਹੈ, ਅਤੇ ਉਸਨੂੰ ਆਪਣੀ ਪਤਨੀ ਬਣਾਇਆ ਹੈ, ਅਤੇ ਤੁਸੀਂ...ਉਹ ਤੁਹਾਡੇ ਉੱਤੇ ਇੱਕ ਛਾਪ ਬਣਾਉਂਦੀ ਹੈ। ਅਸੀਂ ਇਸਨੂੰ ਇਸ ਤਰ੍ਹਾਂ ਕਹਾਂਗੇ ਤਾਂ ਜੋ ਤੁਸੀਂ ਸਮਝ ਸਕੋ। ਅਤੇ ਉਸ ਛਾਤੀ ਦੇ ਲਈ ਕੋਈ ਹੋਰ ਔਰਤ ਉਸ ਛਾਪ ਨਾਲ ਸਹੀ ਨਹੀਂ ਬੈਠੇਗੀ। ਅਤੇ ਪਰਮੇਸ਼ੁਰ ਤੁਹਾਨੂੰ ਇਸਦੇ ਲਈ ਜ਼ਿੰਮੇਵਾਰ ਠਹਿਰਾਏਗਾ। ਅਤੇ ਤੁਸੀਂ ਇਸ ਨੂੰ ਯਾਦ ਰਖਿਓ।

117 ਤੁਸੀਂ ਜੋ ਕਿਸੇ ਹੋਰ ਦੀ ਪਤਨੀ ਨੂੰ ਬਾਹਰ ਲੈ ਜਾਂਦੇ ਹੋ ਅਤੇ...ਮੈਂ ਅੱਜ ਇੱਥੇ ਕਸਬੇ ਵਿੱਚ ਇੱਕ ਛੋਟੀ ਲੜਕੀ ਬਾਰੇ ਸੁਣਿਆ, ਇੱਕ ਮਾੜੀ ਜਿਹੀ ਚੀਜ਼। ਮੈਂ ਉਸਨੂੰ ਜਾਣਦਾ ਹਾਂ। ਅਤੇ ਕੋਈ ਜੁਆਰੀ ਉਸ ਨੂੰ ਇੱਕ ਵਧੀਆ ਕੱਪੜੇ, ਅਤੇ ਚੀਜ਼ਾਂ ਖਰੀਦ ਕੇ ਦੇ ਰਿਹਾ ਹੈ, ਅਤੇ ਉਸ ਨਾਲ ਇਸ ਤਰ੍ਹਾਂ ਖਿਲਵਾੜ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇੱਕ ਚੂਹਾ, ਇਸ ਤਰ੍ਹਾਂ ਦਾ ਕੰਮ ਕਰੇਗਾ, ਉਸਨੂੰ ਤਾਂ ਮਨੁੱਖ ਵੀ ਨਹੀਂ ਮੰਨਿਆ ਜਾ ਸਕਦਾ।

118 ਤੁਸੀਂ ਜਾਣਦੇ ਹੋ, ਇੱਕ ਕੁੱਤਾ ਵੀ ਇੰਨਾ ਨੀਚ ਨਹੀਂ ਹੁੰਦਾ, ਅਤੇ ਫਿਰ ਵੀ ਤੁਸੀਂ ਕੁੱਤੇ ਦੀ ਮਾਂ ਨੂੰ "ਕੰਜਰੀ" ਕਹਿੰਦੇ ਹੋ। ਉਸ ਕੋਲ ਜੇਫਰਸਨਵਿਲ ਦੀਆਂ ਅੱਧੀਆਂ ਔਰਤਾਂ ਨਾਲੋਂ ਵੱਧ ਨੈਤਿਕਤਾ ਹੈ। ਅਤੇ ਤੁਸੀਂ ਇੱਕ ਬੁੱਢੀ ਮਾਦਾ ਸੂਰੀ ਨੂੰ "ਸੂਰੀ" ਕਹਿੰਦੇ ਹੋ, ਅਤੇ ਉਹ ਨਹੀਂ...ਉਹ ਇਸ ਸੰਯੁਕਤ ਰਾਜ ਅਮਰੀਕਾ ਦੀਆਂ ਔਰਤਾਂ ਨਾਲੋਂ ਬਹੁਤ ਜ਼ਿਆਦਾ ਨੈਤਿਕ-ਤਾ ਰੱਖਦੀ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਨਾਲੋਂ। ਇਹ ਬਿਲਕੁਲ ਸਹੀ ਹੈ। ਹੁਣ, ਮੈਨੂੰ ਪਤਾ ਹੈ ਕਿ ਇਹ ਪੱਧਰਾ ਹੈ। ਅਤੇ ਮੈਂ ਤੁਹਾਨੂੰ ਦੱਸਿਆ ਕਿ ਮੈਂ ਇਸਨੂੰ ਪੀਸਣ ਜਾ ਰਿਹਾ ਹਾਂ, ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਨੂੰ ਜਾਣੋ। ਅਤੇ ਇਹ ਸੱਚ ਹੈ। ਉਹ ਸਾਰੀਆਂ, ਅੱਜਕੱਲ ਦੀਆਂ ਔਰਤਾਂ, ਇਹ ਵੀ ਨਹੀਂ ਜਾਣਦੀਆਂ ਕਿ ਨੈਤਿਕਤਾ ਕੀ ਹੈ। ਕਹਿੰਦਿਆਂ ਹਨ, "ਮੇਰੇ ਜ਼ਮੀਰ ਨੂੰ ਠੇਸ ਨਾ ਪਹੁੰਚਾਓ।"

ਖੈਰ, ਤੁਹਾਡੇ ਕੋਲ ਕੋਈ ਹੈ ਹੀ ਨਹੀਂ। ਧਿਆਨ ਦਿਓ। ਹਾਂ, ਸ਼੍ਰੀਮਾਨ। ਜਦੋਂ, ਤੁਸੀਂ ਜਾਣਦੇ ਹੋ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ।

119 ਹੁਣ ਧਿਆਨ ਦਿਓ। ਇਹ ਆਦਮੀ, ਜਦੋਂ ਉਹ ਬਣਾਇਆ ਗਿਆ, ਤਾਂ ਪਰਮੇਸ਼ੁਰ ਨੇ ਉਸਦੀ ਆਤਮਾ ਨੂੰ ਵੱਖ ਕਰ ਦਿੱਤਾ। ਅਤੇ ਉਸਨੇ ਆਦਮੀ ਦਾ ਇੱਕ ਟੁਕੜਾ, ਉਸਦਾ ਪਾਸਾ ਲਾਹਿਆ, ਅਤੇ ਇਸ ਵਿੱਚੋਂ ਇੱਕ ਔਰਤ ਬਣਾਈ। ਅਤੇ ਫਿਰ ਉਸਨੇ ਨਾਰੀ ਭਾਗ ਨੂੰ ਲਿਆ, ਨਰ ਦੀ ਆਤਮਾ ਦਾ ਸੁੰਦਰ ਹਿੱਸਾ, ਅਤੇ ਇਸ ਵਿੱਚੋਂ ਇੱਕ ਔਰਤ ਬਣਾਈ। ਅਤੇ ਉਸਨੇ ਆਦਮੀ ਨੂੰ ਮਰਦਾਨਾ, ਗਠੀਲਾ ਬਣਾ ਦਿੱਤਾ।

120 ਅਤੇ ਜਦੋਂ ਤੁਸੀਂ ਇੱਕ—ਇੱਕ—ਇੱਕ ਆਦਮੀ ਨੂੰ ਦੇਖਦੇ ਹੋ ਜੋ ਥੋੜਾ ਜਿਹਾ...ਤੁਸੀਂ ਜਾਣਦੇ ਹੋ, ਨਹੁੰ ਸਜਾਉਂਦਾ, ਜਾਂ ਜੋ ਵੀ ਤੁਸੀਂ ਇਸਨੂੰ ਕਹਿੰਦੇ ਹੋ, ਉਸਦੇ ਨਹੁੰ; ਅਤੇ, ਤੁਸੀਂ ਜਾਣਦੇ ਹੋ, ਚਾਰ ਇੱਕ ਪਾਸੇ ਅਤੇ ਪੰਜ ਦੂਜੇ ਪਾਸੇ, ਅਤੇ—ਅਤੇ ਆਪਣੇ ਚੀਕਣੇ ਵਾਲਾਂ ਨੂੰ ਹੇਠਾਂ ਲਹਿਰਾਉਂਦਾ ਹੈ; ਉਸ ਦੇ ਮੂੰਹ ਨੂੰ ਸਾਹਮਣੇ ਤੋਂ ਖੁੱਲਾ ਰੱਖਣ ਲਈ, ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ; ਇਹਨਾਂ ਸੋਹਣੇ ਮੁੰਡਿਆਂ ਵਿੱਚੋਂ ਇੱਕ। ਤੁਹਾਨੂੰ ਬਸ ਯਾਦ ਰੱਖੋ, ਭੈਣ, ਉਸ ਪੰਛੀ ਵਿੱਚ ਕੋਈ ਗੜਬੜ ਹੈ। ਕੁਝ ਗਲਤ ਹੈ। ਚੰਗਾ ਹੋਵੇਗਾ ਉਸ ਤੇ ਆਪਣੀ ਨਜ਼ਰ ਰੱਖੋ।

121 ਅਤੇ ਜਦੋਂ ਤੁਸੀਂ ਇੱਕ ਔਰਤ ਦੇ ਮੂੰਹ ਇੱਕ ਪਾਸੇ ਇੱਕ ਸਿਗਰੇਟ ਨੂੰ ਵੇਖੋ, ਇੱਕ ਤਣੀਆਂ ਵਾਲੀ ਪੈਂਟ ਪਹਿਨੇ ਹੋਏ, ਅਤੇ ਕਹਿੰਦੇ ਹੋਏ ਵੇਖੋ, "ਮੈਂ ਤੁਹਾਨੂੰ ਦੱਸਾਂਗਾ, ਦੋਸਤ, ਇਹ ਕੀ ਹੈ!" ਭਾਈ, ਤੁਸੀਂ ਉਸ ਲੜਕੀ ਤੇ ਨਜਰ ਰੱਖੋ। ਉਸ ਨਾਲ ਕੁਝ ਗੜਬੜ ਹੈ।

122 ਇੱਕ ਔਰਤ, ਇੱਕ ਔਰਤ ਹੋਣੀ ਚਾਹੀਦੀ ਹੈ, ਅਤੇ ਉਸਨੂੰ ਇੱਕ ਔਰਤ ਵਾਂਗ ਪਹਿਰਾਵਾ ਪਹਿਨਣਾ ਚਾਹੀਦਾ ਹੈ। ਜਦੋਂ ਪਰਮੇਸ਼ੁਰ ਨੇ ਇੱਕ ਆਦਮੀ ਬਣਾਇਆ, ਉਸਨੇ ਉਸਨੂੰ ਇੱਕ ਚੀਜ਼ ਬਣਾਇਆ, ਅਤੇ ਉਸਨੇ ਇੱਕ ਔਰਤ ਨੂੰ ਕੁਝ ਹੋਰ ਬਣਾਇਆ। ਅਤੇ ਜਦੋਂ ਪਰਮੇਸ਼ੁਰ ਇੱਕ ਆਦਮੀ ਨੂੰ ਪਹਿਰਾਵਾ ਪਾਉਂਦਾ ਹੈ, ਉਸਨੇ ਉਸਨੂੰ ਇੱਕ ਤਰ੍ਹਾਂ ਦਾ ਪਹਿਰਾਵਾ ਪਹਿਨਾਇਆ, ਅਤੇ ਔਰਤ ਨੂੰ ਕਿਸੇ ਹੋਰ ਤਰ੍ਹਾਂ ਦਾ। ਅਤੇ ਬਾਈਬਲ ਨੇ ਕਿਹਾ, "ਇੱਕ ਔਰਤ ਲਈ ਇਹ ਘਿਣਾਉਣੀ ਗੱਲ ਹੈ ਕਿ ਉਹ ਇੱਕ ਆਦਮੀ ਦੇ ਕੱਪੜੇ ਪਹਿਨੇ।"

123 ਅਤੇ ਤੁਸੀਂ ਔਰਤਾਂ, ਇਹਨਾਂ ਛੋਟੀਆਂ ਪੁਰਾਣੀਆਂ ਪੈਂਟਾਂ ਅਤੇ ਚੀਜ਼ਾਂ ਨੂੰ ਪਹਿਣਦੀਆਂ ਹੋ, ਅਤੇ ਇਹਨਾਂ ਨੂੰ ਬਾਹਰ ਪਹਿਣਦੀਆਂ ਹੋ, ਛੋਟੀਆਂ ਪੁਰਾਣੀਆਂ...ਤੁਸੀਂ ਉਹਨਾਂ ਨੂੰ ਕੀ ਕਹਿੰਦੇ ਹੋ, ਨਿਕਰਬੋਕਰ? ਉਹ ਕੀ ਕਰਦੇ ਹਨ...? ਔਹ, ਉਹ ਕੀ ਚੀਜ਼ ਹੈ...? ਨਹੀਂ, ਨਹੀਂ, ਇਹ ਨਿੱਕਰ ਨਹੀਂ ਹੈ, ਇਹ

ਕੁਝ ਹੋਰ ਹੈ, ਇਸ ਵਿੱਚ ਲੰਬੀਆਂ ਲੱਤਾਂ ਹੁੰਦੀਆਂ ਹਨ। [ਕਲੀਸਿਯਾ ਕਹਿੰਦੀ ਹੈ, "ਪੈਡਲ ਪੁਸ਼ਰ।"—ਸੰਪਾ.] ਪੈਡਲ ਪੁਸ਼ਰ, ਅਤੇ ਤਣੀਆਂ ਵਾਲੀਆਂ ਪੈਂਟਾਂ, ਤਣੀਆਂ ਵਾਲੇ ਚੋਗੇ।

ਅੰਦਰ ਜਾਓ, ਕਿਹਾ, "ਇਹ ਔਰਤਾਂ ਲਈ ਹੈ।"

124 ਮੈਂ ਕਿਹਾ, "ਨਹੀਂ, ਤੁਸੀਂ ਗਲਤ ਹੋ। ਔਰਤਾਂ ਉਹ ਚੀਜ਼ਾਂ ਨਹੀਂ ਪਹਿਨਦੀਆਂ। ਔਰਤਾਂ ਪਹਿਣ ਸਕਦੀਆਂ ਹਨ, ਪਰ ਸ਼੍ਰੀਮਤੀਆਂ ਨਹੀਂ।" ਇਹ ਠੀਕ ਹੈ।

125 ਬਾਈਬਲ ਕਹਿੰਦੀ ਹੈ, "ਇਸਤਰੀ ਲਈ ਕੱਪੜੇ ਪਾਉਣਾ ਘਿਣਾਉਣੀ ਗੱਲ ਹੈ ਜੋ...ਅਤੇ ਇੱਕ ਆਦਮੀ ਲਈ ਉਹ ਕੱਪੜੇ ਪਹਿਨਣਾ ਜੋ ਇੱਕ ਔਰਤ ਦੇ ਹਨ।"

126 ਅਤੇ ਆਦਮੀ ਦਿਨੋ ਦਿਨ, ਹੋਰ ਜਨਾਨਕਾ ਹੁੰਦਾ ਜਾ ਰਿਹਾ ਹੈ, ਅਤੇ ਔਰਤਾਂ ਹੋਰ ਮਰਦ ਬਣ ਰਹੀਆਂ ਹਨ। ਕੀ ਗੱਲ ਹੈ? ਅਸੀਂ ਬਾਈਬਲ ਦੁਆਰਾ, ਕੁਝ ਮਿੰਟਾਂ ਵਿੱਚ ਪਤਾ ਲਗਾਉਣ ਜਾ ਰਹੇ ਹਾਂ। ਔਰਤਾਂ ਹੁਣ ਔਰਤਾਂ ਨਹੀਂ ਰਹੀਆਂ। ਮੇਰਾ ਮਤਲਬ ਤੁਸੀਂ ਮਸੀਹੀ ਔਰਤਾਂ ਨਹੀਂ। ਮੈਂ ਆਮ ਲੋਕਾਂ ਬਾਰੇ ਗੱਲ ਕਰ ਰਿਹਾ ਹਾਂ। ਉਹ ਮਰਦਾਂ ਵਾਂਗ ਕੰਮ ਕਰਨਾ ਚਾਹੁੰਦੀਆਂ ਹਨ; ਮਰਦਾਂ ਵਾਂਗ ਆਪਣੇ ਵਾਲ ਕੱਟਣੇ ਚਾਹੁੰਦੀਆਂ ਹਨ; ਆਪਣੇ ਹੱਥ ਨੂੰ ਇੱਕ ਠੇਕੇ ਉੱਤੇ ਰੱਖ ਕੇ, *ਇਸ* ਤਰ੍ਹਾਂ, ਅਤੇ ਗਾਉਂਦੀਆਂ ਹਨ *ਪਰਮੇਸ਼ੁਰ ਅਮਰੀਕਾ ਨੂੰ ਬਰਕਤ ਦਵੇ*, ਆਪਣੇ ਮੂੰਹ ਦੇ ਕੋਨੇ ਵਿੱਚੋਂ ਇੱਕ ਸਿਗਰੇਟ ਦੱਬੀ ਹੁੰਦੀ ਹੈ।

127 ਗਲੀ ਵਿੱਚ ਜਾਓ, ਅਤੇ ਸੜਕ ਤੇ ਜਾਓ, ਇਸ ਤਰ੍ਹਾਂ ਹੀ ਹੈ। ਅਸੀਂ ਗਿਣਿਆ...ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦਾ ਹਾਂ। ਅਤੇ ਤੁਸੀਂ ਮਹਿਲਾ ਡਰਾਈਵਰੋ, ਸੁਣੋ। ਬਿਲੀ ਪੌਲ ਅਤੇ ਮੈਂ, ਦੇਸ਼ ਦੇ ਚੁਫੇਰੇ ਇਸ ਆਖਰੀ ਮੁਹਿੰਮ ਵਿੱਚ, ਛੇ ਮਹੀਨੇ, ਮੈਂ ਗਿਣਤੀ ਰੱਖੀ ਕਿ ਸੜਕ ਤੇ ਕਿੰਨੇ ਹਾਦਸੇ ਹੁੰਦੇ ਹਨ। ਅਤੇ ਸੜਕ ਤੇ, ਵਾਪਰੇ ਤਿੰਨ ਸੌ ਹਾਦਸਿਆਂ ਵਿੱਚੋਂ, ਅੰਦਾਜ਼ਾ ਲਗਾਓ ਕਿ ਉਹਨਾਂ ਵਿੱਚੋਂ ਕਿੰਨੀਆਂ ਔਰਤਾਂ ਡਰਾਈਵਰ ਸਨ? ਉੱਥੇ ਸਿਰਫ਼ ਕਮੀ ਸੀ... ਉਨ੍ਹਾਂ ਵਿੱਚੋਂ 19 ਆਦਮੀ ਸਨ। ਅਤੇ ਦੋ ਸੌ ਅੱਸੀ ਜਾਂ, ਮੇਰਾ ਮੰਨਣਾ ਹੈ ਕਿ ਇਹ ਸੀ, ਦੋ ਸੌ ਇਕਾਸੀ ਤਾਂ ਮਹਿਲਾ ਡਰਾਈਵਰ ਹੋਣਗੀਆਂ। ਮਹਿਲਾ ਡਰਾਈਵਰ! ਹੁਣ, ਮੈਂ ਇਹ ਨਹੀਂ ਕਹਿ ਰਿਹਾ ਕਿ ਇੱਥੇ ਚੰਗੀਆਂ ਮਹਿਲਾ ਡਰਾਈਵਰ ਹੈ ਹੀ ਨਹੀਂ। ਪਰ ਉਹ ਕਿਸੇ ਵੀ ਪਾਸੇ ਮੁੜ ਜਾਂਦੀਆਂ ਹਨ।

128 ਅਤੇ ਇਸ ਤੇ ਤੁਸੀਂ ਉਨ੍ਹਾਂ ਨੂੰ ਦੱਸਣ ਦੀ ਕੋਸ਼ਿਸ ਕਰਦੇ ਹੋ ਤਾਂ ਕੀ ਹੁੰਦਾ ਹੈ? ਜੇ ਉਹ ਚੰਗੀ ਦਿੱਖਣ ਵਾਲੀ ਹੈ, ਤਾਂ ਉੱਥੇ ਖਲੋ ਕੇ, ਜਦੋਂ ਕੋਈ ਪੁਲਸੀਆ

ਆਉਂਦਾ ਹੈ ਤਾਂ ਆਪਣੇ ਵਾਲਾਂ ਨੂੰ ਉੱਪਰ ਉਛਾਲੇਗੀ। "ਕਿਉਂ," ਉਹ ਕਹੇਗਾ, "ਯਕੀਨਨ, ਤੁਸੀਂ ਗਲਤ ਹੋ!" ਹਮ! ਸਾਡੇ ਕੋਲ ਕੋਈ ਕਾਨੂੰਨ ਨਹੀਂ ਹੈ।

129 ਉਨ੍ਹਾਂ ਨੇ ਟੈਕਸ ਦੇ ਕੇਸ ਵਿੱਚ ਸਾਬਤ ਕੀਤਾ ਜਿਸ ਵਿੱਚੋਂ ਜੋ ਮੈਂ ਹੁਣੇ ਬਾਹਰ ਨਿਕਲਿਆ ਹਾਂ। ਸਾਡੇ ਕੋਲ ਕੋਈ ਕਾਨੂੰਨ ਨਹੀਂ ਹੈ। ਜੇਕਰ ਉੱਥੇ ਹਨ...

130 ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇੰਗਲੈਂਡ ਦੇ ਮਹਾਨ ਨਵਾਬ ਨੇ ਕਿਹਾ ਸੀ, "ਲੋਕਤੰਤਰ ਐਸਾ ਜਹਾਜ਼ ਹੈ ਜਿਸਦਾ ਕੋਈ ਲੰਗਰ ਨਹੀਂ ਹੈ।" ਇਹ ਸਹੀ ਹੈ, ਲੋਕ ਖੁੱਦ ਨੂੰ ਸਾਫ ਹੋਣ ਦਾ ਦਾਅਵਾ ਕਰਕੇ, ਚੋਣ ਪ੍ਰਚਾਰ ਕਰਦੇ ਹਨ। ਲੋਕਤੰਤਰ ਸੜ ਚੁੱਕਾ ਹੈ, ਅਤੇ ਇਸੇ ਤਰ੍ਹਾਂ ਤਾਨਾਸ਼ਾਹ ਅਤੇ ਬਾਕੀ ਸਾਰੇ ਹਨ। ਸਾਰੀ ਚੀਜ ਸੜ ਚੁੱਕੀ ਹੈ। ਪਰਮੇਸ਼ੁਰ ਲਈ ਕਰਨ ਲਈ ਇੱਕੋ ਚੀਜ਼ ਬਚੀ ਹੈ, ਕਿ ਉਹ ਸਾਰੀ ਚੀਜ਼ ਨੂੰ ਨਾਸ਼ ਕਰ ਦਵੇ, ਜਿਵੇਂ ਉਸਨੇ ਕਿਹਾ ਸੀ ਕਿ ਉਹ ਕਰੇਗਾ, ਅਤੇ ਨਵੇਂ ਸਿਰੇ ਤੋਂ ਸ਼ੁਰੂਆਤ ਕਰੇਗਾ। ਹੁਣ ਦੇਖੋ ਕਿ ਤੁਸੀਂ ਆਉਣ ਵਾਲੇ ਸਮੇਂ ਵਿੱਚ ਕਿੰਨੇ ਨੇੜੇ ਹੋ।

131 ਹੁਣ ਜਦੋਂ ਇਹ ਔਰਤ...ਉਸਨੇ ਉਸਦੇ ਲਈ ਇੱਕ ਸਹਾਇਕਣ ਬਣਾਈ, ਅਤੇ ਉਸਨੂੰ ਉਸਦੀ ਸਹਾਇਕ ਬਣਨਾ ਸੀ। ਅਤੇ ਫਿਰ...

132 ਹੁਣ, ਇੱਥੇ, ਹਾਲੇ ਵੀ ਮੇਰੇ ਕੋਲ ਇਸ ਨਾਲ ਸਹਿਮਤ ਹੋਣ ਲਈ ਕੋਈ ਪ੍ਰਚਾਰਕ ਨਹੀਂ ਹੈ। ਅਤੇ ਉਹ ਇਸਨੂੰ ਕਿਸੇ ਹੋਰ ਤਰੀਕੇ ਨਾਲ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਫਿਰ ਵੀ ਮੈਨੂੰ ਇਸ ਦੀ ਸਮਝ ਨਹੀਂ ਆਉਂਦੀ। ਉਹ ਇਹ ਕਹਿਣ ਦੀ ਕੋਸ਼ਿਸ਼ ਕਰਦੇ ਹਨ ਕਿ ਆਦਮ ਅਤੇ ਹੱਵਾਹ ਨੇ ਕੁਝ ਸੇਬ ਖਾਧੇ ਸਨ। ਭਾਈ, ਜੇਕਰ...ਮੈਂ ਇਹ ਹੁਣ ਮਜ਼ਾਕ ਲਈ ਨਹੀਂ ਕਹਿ ਰਿਹਾ, ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ। ਕਿਉਂਕਿ, ਜੇ ਸੇਬ ਖਾਣ ਨਾਲ ਔਰਤਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਨੰਗੀਆਂ ਹਨ, ਤਾਂ ਚੰਗਾ ਹੋਵੇਗਾ ਕਿ ਅਸੀਂ ਦੁਬਾਰਾ ਉਨ੍ਹਾਂ ਨੂੰ ਸੇਬ ਦਈਏ। ਅਤੇ ਤੁਸੀਂ ਜਾਣਦੇ ਹੋ ਕਿ ਇਹ ਸਹੀ ਹੈ।

133 ਤੁਸੀਂ ਜਾਣਦੇ ਹੋ, ਇੱਕ ਸੇਬ ਖਾਣਾ, ਇਹ ਉਹ ਨਹੀਂ ਸੀ ਜੋ ਉਹਨਾਂ ਨੇ ਕੀਤਾ, ਜਿਸ ਨਾਲ ਉਹਨਾਂ ਨੂੰ ਅਹਿਸਾਸ ਹੋਇਆ ਕਿ ਉਹ ਨੰਗੇ ਸਨ। ਯਕੀਨਨ, ਇਹ ਨਹੀਂ ਸੀ। ਇਹ ਜਿਨਸੀ ਸੰਬੰਧ ਰਾਹੀਂ ਹੋਣਾ ਸੀ। ਇਹ ਹੋਣਾ ਸੀ, ਕਿਉਂਕਿ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਨੰਗੇ ਸਨ ਜਦੋਂ ਉਨ੍ਹਾਂ ਨੇ ਇਹ ਫਲ ਲਿਆ ਜਿਸ ਤੋਂ ਉਹਨਾਂ ਨੂੰ ਮਨਾ ਕੀਤਾ ਗਿਆ ਸੀ। ਕੀ ਇੱਕ ਔਰਤ ਫਲਦਾਇਕ ਰੁੱਖ ਨਹੀਂ ਹੈ? ਕੀ ਤੁਸੀਂ ਆਪਣੀ ਮਾਂ ਦਾ ਫਲ ਨਹੀਂ ਹੋ? ਇਹ ਉਹ ਫਲ ਸੀ ਜਿਸ ਨੂੰ ਲੈਣ ਦੀ ਮਨਾਹੀ ਸੀ।

134 ਹੁਣ ਇੱਥੇ ਇੱਕ ਵੱਡੀ ਗੱਲ ਹੈ। ਹੁਣ ਇਹ ਜਾਣਨ ਲਈ ਕਿ ਮਨੁੱਖ ਕੀ ਸੀ ਵਿਗਿਆਨ ਇੱਥੋਂ ਤਕ ਹੀ ਪਹੁੰਚਿਆ ਹੈ...ਉਹ ਪੁਰਾਣੀਆਂ ਹੱਡੀਆਂ

ਲਈ ਖੁਦਾਈ ਕਰਦੇ ਹਨ, ਉਹ ਜੈਵਿਕ ਪਦਾਰਥ ਲੈਂਦੇ ਹਨ, ਅਤੇ ਉਹ ਸਿਰ ਦੀ ਹੱਡੀਆਂ ਲੈਂਦੇ ਹਨ, ਅਤੇ ਉਹ ਖੋਪੜੀਆਂ ਲੈਂਦੇ ਹਨ, ਅਤੇ ਬਾਹਾਂ, ਅਤੇ ਹੱਡੀਆਂ, ਅਤੇ ਇਸਨੂੰ ਇੱਕ ਮਨੁੱਖ ਵਰਗਾ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਅਤੇ ਉਹ ਇਹੀ ਜਾਣਦੇ ਹਨ ਕਿ ਮਨੁੱਖ ਨਾਲ ਦੀ ਸਭ ਤੋਂ ਨਜ਼ਦੀਕੀ ਚੀਜ਼, ਜੋ ਉਹ ਕਦੇ ਵੀ ਲੱਭ ਸਕੇ ਹਨ, ਉਹ ਇੱਕ ਚਿੰਪਾਜ਼ੀ ਹੈ। ਉਹ ਮਨੁੱਖ ਦੀ ਸਭ ਤੋਂ ਨਜ਼ਦੀਕੀ ਪ੍ਰਜਾਤੀ ਹੈ; ਪਰ ਫਿਰ ਵੀ ਇਹ ਮਨੁੱਖ, ਜੋ ਜੀਵਨ ਦਾ ਸਭ ਤੋਂ ਉੱਤਮ ਰੂਪ ਹੈ, ਉਸ ਦਾ ਇਸ ਨਾਲ ਕੁਝ ਵੀ ਮੇਲ ਨਹੀਂ ਹੈ।

135 ਜੀਵਨ ਦਾ ਸਭ ਤੋਂ ਨੀਵਾਂ ਰੂਪ ਜੋ ਹੈ ਉਹ ਇੱਕ ਡੱਡੂ ਹੈ; ਸਭ ਤੋਂ ਉੱਚਾ ਰੂਪ ਮਨੁੱਖ ਹੈ। ਪਰਮੇਸ਼ੁਰ ਨੇ ਹੇਠਾਂ ਤੋਂ ਸ਼ੁਰੂ ਕੀਤਾ ਅਤੇ ਉੱਪਰ ਤਕ ਬਣਾਇਆ, ਜਦੋਂ ਤੱਕ ਉਹ ਇਸਨੂੰ ਆਪਣੀ ਸਰੂਪ ਵਿੱਚ ਨਹੀਂ ਲਿਆਇਆ। ਇਸ ਨੂੰ ਪੰਛੀਆਂ ਅਤੇ ਜਾਨਵਰਾਂ ਦੁਆਰਾ ਲਿਆਇਆ, ਅਤੇ ਉੱਪਰ ਤਕ, ਜਦੋਂ ਤੱਕ ਉਹ ਪਰਮੇਸ਼ੁਰ ਦੇ ਸਰੂਪ ਤਕ ਨਾ ਪਹੁੰਚਿਆ। ਉਸ ਨੇ ਮਨੁੱਖ ਨੂੰ ਉਸ ਸਰੂਪ ਬਣਾਇਆ। ਇਹ ਸਭ ਤੋਂ ਉੱਚਾ ਰੂਪ ਹੈ। ਸਭ ਤੋਂ ਨੀਵਾਂ ਰੂਪ ਇੱਕ ਪੋਲੀਵੋਗ ਹੈ ਜੋ ਡੱਡੂ ਵਿੱਚ ਬਦਲ ਗਿਆ ਹੈ, ਅਤੇ ਇਸ ਤਰ੍ਹਾਂ।

136 ਹੁਣ, ਇਹ ਗੁੰਮ ਕੜੀ ਜਾਂ ਜੋੜ ਹੈ, ਜੋ ਉਹ ਨਹੀਂ ਲੱਭ ਸਕਦੇ। ਹੁਣ ਵਚਨ ਨੂੰ ਵੇਖੋ। ਤੁਸੀਂ, ਤੁਸੀਂ ਇਸ ਨਾਲ ਅਸਹਿਮਤ ਹੋਵੋਗੇ, ਤੁਹਾਡੇ ਵਿੱਚੋਂ ਬਹੁਤ ਸਾਰੇ, ਪਰ ਮੈਂ ਚਾਹੁੰਦਾ ਹਾਂ...ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਧਿਆਨ ਵਿੱਚ ਰੱਖੋ। ਅਤੇ ਪਹਿਲਾਂ ਤੋਂ ਇਸਦੇ ਵਿਰੁੱਧ ਨਾ ਧਾਰਨਾ ਨਾ ਬਣਾਓ। ਸੁਣੋ।

137 ਮੈਂ ਜਾਣਦਾ ਹਾਂ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਹੁਣ ਡਾ. ਡੀਹਾਨ ਨੂੰ ਸੁਣ ਰਹੇ ਹਨ। ਮੈਂ ਨਿਸ਼ਚਿਤ ਤੌਰ ਤੇ...ਉਸਦੀ ਵਰਗੀ ਯੋਗਤਾ ਦੇ ਇੱਕ ਆਦਮੀ ਦੀ, ਅਤੇ ਇੱਕ ਚੰਗੇ ਬੈਪਟਿਸਟ ਭਰਾ ਵਜੋਂ, ਮੈਂ ਯਕੀਨਨ ਉਸਦੀ ਕਦਰ ਕਰਦਾ ਹਾਂ। ਉਸ ਕੋਲ ਵਧੇਰੇ ਬੁੱਧੀ ਅਤੇ ਦਿਮਾਗ ਹੈ, ਅਤੇ—ਅਤੇ ਜਿੰਨਾ ਮੈਂ ਜਾਣਦਾ ਹਾਂ ਉਸ ਤੋਂ ਵੱਧ ਤਾਂ ਉਹ ਭੁੱਲ ਜਾਂਦਾ ਹੈ; ਕਿਉਂਕਿ ਉਹ ਦੈਵਿਕਤਾ ਦਾ—ਦਾ ਡਾਕਟਰ ਜਾਂ ਵਿਦਵਾਨ ਹੈ, ਅਤੇ ਉਹ ਇੱਕ ਮੈਡੀਕਲ ਡਾਕਟਰ ਹੈ, ਅਤੇ ਉਹ ਵਿਗਿਆਨ ਦਾ ਡਾਕਟਰ ਹੈ। ਉਹ ਇੱਕ ਹੁਸ਼ਿਆਰ ਆਦਮੀ ਹੈ। ਪਰ ਉਹ ਕਹਿ ਰਿਹਾ ਹੈ ਕਿ ਉਹ...ਜਦੋਂ ਪਰਮੇਸ਼ੁਰ ਦੇ ਪੁੱਤਰਾਂ ਨੇ ਦੇਖਿਆ ਕਿ ਮਨੁੱਖਾਂ ਦੀਆਂ ਧੀਆਂ ਸੁੰਦਰ ਸਨ; ਉਹ ਜੋਸੀਫ਼ਸ ਦਾ ਪੱਖ ਲੈਂਦਾ ਹੈ, ਅਤੇ ਕਹਿੰਦਾ ਹੈ ਕਿ "ਉਨ੍ਹਾਂ—ਉਨ੍ਹਾਂ ਨੇ ਆਪਣੇ ਆਪ ਨੂੰ ਮਨੁੱਖੀ ਸਰੀਰ ਵਿੱਚ ਬਦਲ ਲਿਆ," ਅਤੇ ਆਪਣੇ ਲਈ ਪਤਨੀਆਂ ਲੈ ਲਈਆਂ। ਅਤੇ ਨੋਦ ਦੀ ਧਰਤੀ ਵਿੱਚ ਦੈਂਤ ਸਨ। "ਅਤੇ ਉਨ੍ਹਾਂ ਆਪਣੇ ਲਈ ਪਤਨੀਆਂ ਲਈਆਂ ਅਤੇ ਉਨ੍ਹਾਂ ਦੇ ਨਾਲ ਰਹੇ, ਜਦੋਂ ਪਰਮੇਸ਼ੁਰ ਦੇ ਪੁੱਤਰ, ਡਿੱਗੇ ਹੋਏ ਦੂਤਾਂ ਨੇ,

ਮਨੁੱਖ ਦੀਆਂ ਧੀਆਂ ਨੂੰ ਦੇਖਿਆ ਅਤੇ ਲਿਆ; ਅਤੇ ਸਰੀਰਕ ਇੱਛਾ ਇੱਕੀ ਅਜਿਹੀ ਵੱਡੀ ਚੀਜ਼ ਸੀ, ਅਤੇ ਫਿਰ ਵੀ ਉਹ ਪਾਪੀ ਹੋ ਕੇ ਡਿੱਗਣ ਤੋਂ ਬਚ ਗਏ ਸਨ, ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਮਨੁੱਖੀ ਸਰੀਰ ਵਿੱਚ ਲੁਕਾ ਲਿਆ।"

138 ਜੇ ਉਹ ਅਜਿਹਾ ਕਰਦੇ ਹਨ, ਤਾਂ ਉਹ ਦੈਵਿਕ ਚੰਗਾਈ ਨੂੰ ਵਿਗਾੜ ਦਿੰਦੇ ਹਨ, ਉਹ ਹੋਰ ਸਭ ਕੁਝ ਵਿਗਾੜ ਦਿੰਦੇ ਹਨ। ਜੇ ਸ਼ੈਤਾਨ ਰਚਣਾ ਕਰ ਸਕਦਾ ਹੈ, ਤਾਂ ਉਹ ਪਰਮੇਸ਼ੁਰ ਦੇ ਬਰਾਬਰ ਹੈ। ਸ਼ੈਤਾਨ ਰਚਣਾ ਨਹੀਂ ਕਰ ਸਕਦਾ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇੱਕ ਜਗ੍ਹਾ ਦਿਖਾਓ ਜਿੱਥੇ ਸ਼ੈਤਾਨ ਨੇ ਸ੍ਰਿਸ਼ਟੀ ਕੀਤੀ ਹੋਵੇ। ਉਹ ਸ੍ਰਿਸ਼ਟੀ ਨਹੀਂ ਕਰ ਸਕਦਾ। ਉਹ ਸਿਰਫ਼ ਉਸ ਚੀਜ਼ ਨੂੰ ਵਿਗਾੜਦਾ ਹੈ ਜੋ ਰਚੀ ਗਈ ਹੈ। ਉਹ ਕੋਈ ਸ੍ਰਿਸ਼ਟੀਕਰਤਾ ਨਹੀਂ ਹੈ। ਉਹ ਕੇਵਲ ਇੱਕ ਵਿਗਾੜਨ ਵਾਲਾ ਹੈ।

139 ਖੈਰ, ਫਿਰ, ਕੀ ਹੋਇਆ? ਦੇਖੋ। ਇੱਥੇ ਮੇਰਾ ਤਰਜਮਾ ਹੈ। ਇੱਥੇ ਗੁੰਮ ਜੋੜ ਜਾਂ ਕੜੀ ਹੈ।

140 ਹੁਣ ਉਨ੍ਹਾਂ ਕੋਲ ਇੱਕ ਚਿੰਪਾਜ਼ੀ ਹੈ, ਪਰ ਤੁਸੀਂ ਇੱਕ ਚਿੰਪਾਜ਼ੀ ਨਾਲ ਇੱਕ ਔਰਤ ਕੋਲੋਂ ਬੱਚੇ ਪੈਦਾ ਨਹੀਂ ਕਰਾ ਸਕਦੇ। ਤੁਸੀਂ ਕਿਸੇ ਵੀ ਜਾਨਵਰ ਨਾਲ ਮਨੁੱਖ ਦੀ ਨਸਲ ਨਹੀਂ ਮਿਲਾ ਸਕਦੇ। ਇਹ ਮਿਲ ਨਹੀਂ ਸਕਦੇ। ਤੁਸੀਂ ਕਿਸੇ ਵੀ ਜਾਨਵਰ ਦਾ, ਖ਼ੂਨ ਨਹੀਂ ਚੜ੍ਹਾ ਸਕਦੇ।

141 ਜਦੋਂ ਮੈਂ ਅਫ਼ਰੀਕਾ ਵਿੱਚ ਸੀ, ਤਾਂ ਉਹ ਉੱਥੇ ਉਨ੍ਹਾਂ ਗਰੀਬ ਕਾਲੇ ਲੋਕਾਂ ਨਾਲ ਇਸ ਤਰ੍ਹਾਂ ਦਾ ਸਲੂਕ ਕਰਦੇ ਸਨ; ਕਿਸੇ ਨੇ ਮੈਨੂੰ ਕਿਹਾ, "ਉਹ ਜਾਨਵਰਾਂ ਤੋਂ ਇਲਾਵਾ ਕੁਝ ਨਹੀਂ ਹਨ।"

142 ਮੈਂ ਕਿਹਾ, "ਮੈਂ ਸਹਿਮਤ ਨਹੀਂ ਹਾਂ। ਉਹ ਓਨੇ ਹੀ ਇਨਸਾਨ ਹਨ ਜਿੰਨੇ ਤੁਸੀਂ ਹੋ, ਸ਼ਾਇਦ ਥੋੜ੍ਹੇ ਜਿਆਦਾ।" ਮੈਂ ਤੁਹਾਨੂੰ ਦੱਸ ਦਵਾਂ, ਜਦੋਂ ਤੁਸੀਂ ਇਸ ਤਰ੍ਹਾਂ ਦਾ ਰਵੱਈਆ ਰੱਖਦੇ ਹੋ, ਤਾਂ ਤੁਸੀਂ ਪਿਛਾਂਹ ਮੁੜ ਕੇ ਜਾਨਵਰ ਬਣ ਰਹੇ ਹੋ। ਮੈਂ ਕਿਹਾ, "ਉਹ ਆਦਮੀ, ਜੇ ਉਹ ਹੁੱਕਮ ਦੇ ਇੱਕੇ ਜਿੰਨਾ ਕਾਲਾ ਹੈ, ਜਾਂ ਜੇ ਉਹ ਪੇਠੇ ਜਿੰਨਾ ਪੀਲਾ ਹੈ, ਜਾਂ ਜੇ ਉਹ ਨੀਲ ਵਾਂਗ ਨੀਲਾ ਹੈ, ਉਹ ਤੁਹਾਨੂੰ ਖ਼ੂਨ ਚੜ੍ਹਾ ਕੇ ਤੁਹਾਡੀ ਜਾਨ ਬਚਾ ਸਕਦਾ ਹੈ। ਪਰ ਤੁਸੀਂ ਕਦੇ ਵੀ ਕਿਸੇ ਜਾਨਵਰ ਦਾ ਖ਼ੂਨ ਆਪਣੇ ਅੰਦਰ ਨਹੀਂ ਲਵੋਂਗੇ।" ਯਕੀਨਨ, ਉਹ ਇੱਕ ਮਨੁੱਖ ਹੈ।

143 ਸਿਰਫ਼ ਇਸ ਲਈ ਕਿਉਂਕਿ ਇੱਕ ਚਮੜੀ ਕਾਲੀ ਸੀ, ਅਤੇ ਦੂਜੀ ਭੂਰੀ, ਅਤੇ ਕੋਈ ਪੀਲੀ, ਅਤੇ ਕੋਈ ਹੋਰ ਚਿੱਟੀ ਹੈ, ਉਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਬਾਈਬਲ ਕਹਿੰਦੀ ਹੈ, "ਪਰਮੇਸ਼ੁਰ ਨੇ ਸਾਰੇ ਮਨੁੱਖਾਂ ਨੂੰ ਇੱਕੋ

ਲਹੂ ਤੋਂ ਰਚਿਆ।" ਅਤੇ ਇਹ ਬਿਲਕੁਲ ਸਹੀ ਹੈ। ਜਿਨ੍ਹਾਂ ਥਾਵਾਂ ਤੇ ਅਸੀਂ ਰਹਿੰਦੇ ਸੀ, ਉਹ ਸਾਡੇ ਰੰਗ ਬਦਲਦੇ ਗਏ, ਇਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਪਰਮੇਸ਼ੁਰ ਨੇ ਇੱਕ—ਇੱਕ ਮਨੁੱਖ ਤੋਂ ਸਾਰੀਆਂ ਕੌਮਾਂ ਬਣਾਈਆਂ, ਇੱਕੋ ਲਹੂ ਤੋਂ, ਸਾਰੀਆਂ ਕੌਮਾਂ ਇੱਕੋ ਜਿਹੀਆਂ ਹਨ।

144 ਇੱਕ ਚੀਨੀ; ਇੱਕ ਕਾਲਾ ਆਦਮੀ ਹੁਣ ਨਹੀਂ ਕਹਿ ਸਕਦਾ, ਹੁਣ ਕਾਲਾ ਆਦਮੀ ਇਹ ਨਹੀਂ ਕਹਿ ਸਕਦਾ, ਕਿ, "ਉਹ ਚੀਨੀ ਮਨੁੱਖ, ਉਹ—ਉਹ ਪੀਲਾ ਹੈ, ਮੇਰਾ ਉਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।" ਉਹ ਤੁਹਾਡਾ ਭਰਾ ਹੈ। ਅਤੇ ਤੁਸੀਂ ਗੋਰੇ ਆਦਮੀ ਪੀਲੇ ਜਾਂ ਕਾਲੇ ਆਦਮੀ ਨੂੰ ਨਹੀਂ ਕਹਿ ਸਕਦੇ, ਕਿਸੇ ਨੂੰ ਵੀ, "ਮੇਰਾ ਤੁਹਾਡੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ।" ਉਹ ਤੁਹਾਡਾ ਭਰਾ ਹੈ। ਬਿਲਕੁਲ ਸਹੀ।

145 ਧਿਆਨ ਦਿਓ, ਹੁਣ, ਇੱਥੇ ਕੀ ਹੋਇਆ ਹੈ। ਮੈਂ ਵਿਸ਼ਵਾਸ ਕਰਦਾ ਹਾਂ, ਅਤੇ ਬਾਈਬਲ ਦੁਆਰਾ ਇਸਦਾ ਸਮਰਥਨ ਕਰ ਸਕਦਾ ਹਾਂ, ਕਿ ਇਹ ਸੱਪ ਸੀ ਜਿਸਨੇ ਇਹ ਕੀਤਾ। ਇਹ ਸੱਪ ਹੈ ਜੋ ਚਿੰਪਾਜ਼ੀ ਅਤੇ ਮਨੁੱਖ ਦੇ ਵਿਚਕਾਰ ਗੁੰਮ ਹੋਈ ਕੜੀ ਜਾਂ ਜੋੜ ਹੈ। ਕਿਉਂਕਿ, ਸੁਣੋ, ਹੁਣ ਇਸ ਵੱਲ ਧਿਆਨ ਦਿਓ, ਕਿ ਸੱਪ ਕੋਈ ਘਿਸਰਣ ਵਾਲਾ ਜੀਵ ਨਹੀਂ ਸੀ। ਉਹ ਸਾਰੇ ਜੰਗਲੀ ਜਾਨਵਰਾਂ ਵਿੱਚੋਂ ਸਭ ਤੋਂ "ਚਲਾਕ" ਸੀ।

146 ਹੁਣ, ਮੈਂ ਗਿਆ ਅਤੇ ਸ਼ਬਦਕੋਸ਼ ਲਏ, ਅੱਜ, ਹਰ ਜਗ੍ਹਾ ਤੋਂ, ਇਸ ਸ਼ਬਦ ਨੂੰ ਵੇਖਣ ਲਈ, ਚਲਾਕ ਸ਼ਬਦ ਦਾ ਕੀ ਅਰਥ ਹੈ। ਇਸਦਾ ਅਰਥ ਹੈ "ਚੁਸਤ ਹੋਣਾ, ਫ਼ਰੇਬੀ ਹੋਣਾ," ਅਤੇ, ਇਬਰਾਨੀ ਦੀ—ਦੀ ਸਭ ਤੋਂ ਵਧੀਆ ਵਿਆਖਿਆ (m-a-h-a-h, ਮਾਹਾ ਤੋਂ) ਦਾ ਮਤਲਬ ਹੈ "ਜੀਵਨ ਦੇ ਸਿਧਾਂਤਾਂ ਦਾ ਸੱਚਾ ਗਿਆਨ ਹੋਣਾ।"

147 ਹੁਣ ਇਸ ਨੂੰ ਸਿਰਫ ਇੱਕ ਮਿੰਟ ਦੇਖਦੇ ਹਾਂ। ਉਹ ਚੁਸਤ, ਚਲਾਕ ਹੈ, ਫਿਰ ਵੀ ਉਸਨੂੰ "ਸੱਪ" ਕਿਹਾ ਜਾਂਦਾ ਹੈ। ਪਰ, ਯਾਦ ਰੱਖੋ, ਉਹ ਸਭ ਤੋਂ ਚੁਸਤ ਚੀਜ਼ ਸੀ, ਅਤੇ ਖੇਤ ਵਿੱਚ ਮੌਜੂਦ ਕਿਸੇ ਵੀ ਚੀਜ਼ ਨਾਲੋਂ ਸਭ ਤੋਂ ਵੱਧ ਮਨੁੱਖ ਵਰਗਾ ਸੀ; ਮਨੁੱਖ ਦੇ ਸਭ ਤੋਂ ਨੇੜੇ ਦਾ ਜੀਵ। ਉਹ ਘਿਸਰਣ ਵਾਲਾ ਜੀਵਨ ਨਹੀਂ ਸੀ। ਸਰਾਪ ਨੇ ਉਸਨੂੰ ਇੱਕ ਘਿਸਰਣ ਵਾਲਾ ਬਣਾ ਦਿੱਤਾ। ਅਤੇ ਉਹ ਸੀ...ਬਾਈਬਲ ਨੇ ਕਿਹਾ ਕਿ ਉਹ ਸਭ ਤੋਂ ਖ਼ੂਬਸੂਰਤ ਸੀ।

148 ਅਤੇ ਏਥੋਂ ਤਕ ਕਿ ਸਰਾਪ ਨੇ ਵੀ ਉਸਦੀ ਸਾਰੀ ਸੁੰਦਰਤਾ ਨੂੰ ਦੂਰ ਨਹੀਂ ਕੀਤਾ; ਫਿਰ ਵੀ ਸੱਪ ਦੇ ਸ਼ਾਨਦਾਰ ਰੰਗ ਸੁੰਦਰ ਹਨ, ਅਤੇ ਉਸਦੀ ਭੜਕ ਅਤੇ ਉਸਦੀ ਚਤੁਰਾਈ। ਇੱਥੋਂ ਤੱਕ ਕਿ ਸਰਾਪ ਨੇ ਵੀ ਇਸਨੂੰ ਦੂਰ ਨਹੀਂ ਕੀਤਾ। ਪਰ, ਤੁਹਾਨੂੰ ਯਾਦ ਹੈ, ਪਰਮੇਸ਼ੁਰ ਨੇ ਉਸ ਨੂੰ ਕਿਹਾ ਸੀ ਕਿ ਉਸ ਦੀਆਂ ਲੱਤਾਂ

ਨਹੀਂ ਰਹਿਣਗੀਆਂ ਅਤੇ ਉਹ ਆਪਣੇ ਢਿੱਡ ਉੱਤੇ ਚੱਲੇਗਾ। ਅਤੇ ਤੁਸੀਂ ਇੱਕ ਸੱਪ ਵਿੱਚ ਇੱਕ ਵੀ ਹੱਡੀ ਨਹੀਂ ਲੱਭ ਸਕਦੇ ਜੋ ਇੱਕ ਮਨੁੱਖ ਵਰਗੀ ਦਿਖਾਈ ਦਿੰਦੀ ਹੋਵੇ, ਅਤੇ ਇਹੀ ਕਾਰਨ ਹੈ ਕਿ ਵਿਗਿਆਨ ਭਟਕ ਗਿਆ ਹੈ। ਪਰ ਉਹ ਉੱਥੇ ਹੈ।

149 ਪਰਮੇਸ਼ੁਰ ਨੇ ਇਸ ਨੂੰ ਗਿਆਨੀਆਂ ਅਤੇ ਸਮਝਦਾਰਾਂ ਦੀਆਂ ਅੱਖਾਂ ਤੋਂ ਲੁਕਾਇਆ ਹੈ, ਅਤੇ ਪਰਮੇਸ਼ੁਰ ਦੇ ਪੁੱਤਰਾਂ ਤੇ ਇਸ ਨੂੰ ਪ੍ਰਗਟ ਕਰਨ ਦਾ ਵਾਅਦਾ ਕੀਤਾ, ਅੰਤ ਦੇ ਦਿਨਾਂ ਵਿੱਚ ਜਦੋਂ ਪਰਮੇਸ਼ੁਰ ਦੇ ਪੁੱਤਰ ਪ੍ਰਗਟ ਕੀਤੇ ਜਾਣਗੇ, ਜਦੋਂ, "ਉਹ ਪਰਮੇਸ਼ੁਰ ਦੇ ਪੁੱਤਰ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਅਨੰਦ ਕਰਦੇ ਸਨ।" ਜਦੋਂ ਅਖੀਰਲੀ ਦਿਨਾਂ ਵਿੱਚ ਪਰਮੇਸ਼ੁਰਤਾਈ ਅਤੇ ਹੋਰ ਚੀਜ਼ਾਂ ਦਾ ਮਹਾਨ ਪ੍ਰਕਾਸ਼ਣ ਹੇਠਾਂ ਲਿਆਂਦਾ ਜਾਵੇਗਾ, ਉਹ ਇਨ੍ਹਾਂ ਗੱਲਾਂ ਨੂੰ ਪਰਮੇਸ਼ੁਰ ਦੇ ਪੁੱਤਰਾਂ ਰਾਹੀਂ ਪ੍ਰਗਟ ਕਰੇਗਾ। ਤੁਸੀਂ ਜਾਣਦੇ ਹੋ ਕਿ ਵਚਨ ਇਹ ਸਿਖਾਉਂਦਾ ਹੈ। ਅਤੇ ਅਸੀਂ ਇੱਥੇ ਹਾਂ। ਇਹੀ ਕਾਰਨ ਹੈ ਕਿ ਪਰਮੇਸ਼ੁਰ ਇਹ ਚੀਜ਼ਾਂ ਸਾਡੇ ਲਈ ਖੋਲ੍ਹ ਰਿਹਾ ਹੈ। ਪਰਮੇਸ਼ੁਰ ਆਪਣੇ ਪੁੱਤਰਾਂ ਨੂੰ ਪ੍ਰਗਟੀਕਰਣ ਵਿੱਚ ਲਿਆ ਰਿਹਾ ਹੈ। ਉਹ ਕਿਸੇ ਵੀ ਮਨੁੱਖੀ ਗਿਆਨ ਦੀਆਂ ਸੀਮਾਵਾਂ ਤੋਂ ਅੱਗੇ ਜਾ ਰਿਹਾ ਹੈ, ਆਤਮਿਕ ਪ੍ਰਕਾਸ਼ਣਾਂ ਵਿੱਚ, ਅਤੇ ਇਸਨੂੰ ਹੇਠਾਂ ਲਿਆ ਰਿਹਾ ਹੈ। ਕੀ ਅਸੀਂ ਇਸ ਬਾਈਬਲ ਵਿਚ, ਇਹ ਨਹੀਂ ਸਿਖਾ ਰਹੇ ਹਾਂ, "ਇਹ ਉਹ ਦੇ ਲਈ ਹੈ ਜਿਸ ਕੋਲ ਬੁੱਧ ਹੈ"? ਉਹ ਨਹੀਂ ਜੋ ਉਸਨੇ ਕਿਸੇ ਸੈਮੀਨਾਰ ਵਿੱਚ ਸਿੱਖਿਆ ਹੈ; ਪਰ ਉਹ ਜੋ ਉਸ ਨੇ ਪਰਮੇਸ਼ੁਰ ਦੇ ਅੱਗੇ ਗੋਡਿਆਂ ਭਾਰ ਬੈਠ ਕੇ ਸਿੱਖਿਆ, ਅਤੇ ਜੋ ਪਰਮੇਸ਼ੁਰ ਨੂੰ ਭਾਇਆ ਸੋ ਉਸ ਨੂੰ ਦਿੱਤਾ। ਪਰਮੇਸ਼ੁਰ ਦੇ ਪੁੱਤਰ, ਪ੍ਰਗਟ ਹੋਏ!

150 ਇੱਥੇ ਸੱਪ ਹੈ, ਹੁਣ ਇੱਥੇ ਸੱਪ ਬਾਰੇ ਹੈ ਕਿ ਉਹ ਕੀ ਸੀ; ਮੈਂ ਤੁਹਾਨੂੰ ਉਸ ਬਾਰੇ ਆਪਣਾ ਵੇਰਵਾ ਦੇਣ ਜਾ ਰਿਹਾ ਹਾਂ।

151 ਸਾਡੇ ਕੋਲ…ਅਸੀਂ ਡੱਡੂ ਤੋਂ, ਹੇਠਾਂ ਆਉਂਦੇ ਹਾਂ, ਉਸ ਪੋਲੀਵੋਗ ਵੱਲ, ਅਤੇ ਹੇਠਾਂ ਅਤੇ ਅੱਗੇ, ਅਤੇ *ਅੱਗੇ-ਅਤੇ-ਅੱਗੇ*, ਜਦੋਂ ਤੱਕ ਤੁਸੀਂ ਅੰਤ ਵਿੱਚ ਬਾਂਦਰ, ਚਿੰਪਾਜ਼ੀ ਤਕ ਨਹੀਂ ਆਉਂਦੇ ਹੋ। ਅਤੇ ਚਿੰਪਾਂਜ਼ੀ ਤੋਂ, ਹੁਣ ਅਸੀਂ ਚਿੰਪਾਂਜ਼ੀ ਤੋਂ ਮਨੁੱਖ ਤੱਕ ਛਾਲ ਮਾਰਦੇ ਹਾਂ, ਅਤੇ ਅਸੀਂ ਹੈਰਾਨ ਹਾਂ ਕਿ ਕਿਉਂ।

152 "ਠੀਕ ਹੈ," ਵਿਗਿਆਨ ਕਹਿੰਦਾ ਹੈ, "ਹੁਣ ਇੰਤਜ਼ਾਰ ਕਰੋ! ਅਸੀਂ ਔਰਤ ਅਤੇ ਬਾਂਦਰ ਅਤੇ ਚਿੰਪਾਂਜ਼ੀ ਨਾਲ ਨਸਲ ਪੈਦਾ ਕਰ ਸਕਦੇ ਹਾਂ, ਅਤੇ ਫਿਰ ਇਸਦੇ ਉਲਟ, ਇੱਕ ਆਦਮੀ ਚਿੰਪਾਂਜ਼ੀ ਨਾਲ ਨਸਲ ਪੈਦਾ ਕਰ ਸਕਦਾ ਹੈ।" ਇਹ ਕੰਮ ਨਹੀਂ ਕਰੇਗਾ। ਕਿਸੇ ਹੋਰ ਜਾਨਵਰ ਨਾਲ ਇਹ ਨਸਲ ਪੈਦਾ ਨਹੀਂ

ਕਰੇਗਾ; ਇਹ ਕੰਮ ਨਹੀਂ ਕਰੇਗਾ। ਲਹੂ ਨਹੀਂ ਰਲੇਗਾ; ਆਪਣਾ ਲਹੂ ਲਓ, ਇਹ ਪੂਰੀ ਤਰ੍ਹਾਂ ਵੱਖਰਾ ਲਹੂ ਹੈ, ਪੂਰੀ ਤਰ੍ਹਾਂ।

153 ਇੱਥੇ ਵਿਚਕਾਰ ਕਿਸੇ ਦਾ ਲਹੂ ਹੈ, ਅਤੇ ਉਹ ਇਸ ਜਾਨਵਰ ਨੂੰ ਨਹੀਂ ਲੱਭ ਸਕਦੇ। ਔਹ, ਹਲਲੂਜਾਹ, ਮੈਂ ਇਸ ਸਮੇਂ ਧਾਰਮਿਕ ਮਹਿਸੂਸ ਕਰ ਰਿਹਾ ਹਾਂ। ਧਿਆਨ ਦਿਓ। ਕਿਉਂ? ਪਰਮੇਸ਼ੁਰ ਨੇ ਇਸ ਨੂੰ ਉਨ੍ਹਾਂ ਤੋਂ ਲੁਕਾ ਦਿੱਤਾ। ਸੱਪ ਵਿੱਚ ਕੋਈ ਹੱਡੀ ਨਹੀਂ ਹੁੰਦੀ ਜੋ ਮਨੁੱਖ ਦੀ ਹੱਡੀ ਵਾਂਗ ਦਿਖਾਈ ਦਿੰਦੀ ਹੈ। ਉਸਨੇ ਇਸ ਚੀਜ਼ ਨੂੰ ਇੰਨਾ ਦੂਰ ਰੱਖ ਦਿੱਤਾ ਕਿ ਇਹ ਹੁਸ਼ਿਆਰ ਆਦਮੀਆਂ ਦੁਆਰਾ ਖੋਜੀ ਨਹੀਂ ਜਾ ਸਕਦੀ।

154 ਅਤੇ ਮੈਂ ਤੁਹਾਨੂੰ ਇਹ ਦਿਖਾਉਣ ਜਾ ਰਿਹਾ ਹਾਂ ਕਿ ਉਹ ਹੁਸ਼ਿਆਰ ਆਦਮੀ ਕਿੱਥੋਂ ਆਉਂਦਾ ਹੈ, ਉਹ ਕਿੱਥੇ—ਕਿੱਥੇ ਹੈ, ਕਿਸੇ ਵੀ ਤਰ੍ਹਾਂ। ਵੇਖੋ, ਉਹ ਇਸ ਵਿੱਚੋਂ ਨਹੀਂ ਲੰਘ ਸਕਦਾ।

155 ਇਹ ਪ੍ਰਕਾਸ਼ਣ ਦੁਆਰਾ ਆਉਣਾ ਹੈ, "ਤੂੰ ਮਸੀਹ ਹੈ, ਪਰਮੇਸ਼ੁਰ ਦਾ ਪੁੱਤਰ..." "ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ; ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ," ਆਤਮਿਕ ਪ੍ਰਕਾਸ਼ਨ। ਹਾਬਲ ਨੂੰ—ਨੂੰ ਕਿਵੇਂ ਪਤਾ ਲੱਗਾ ਕਿ ਲੇਲਾ ਚੜ੍ਹਾਉਣਾ ਹੈ, ਜਦਕਿ ਕਾਇਨ ਖੇਤ ਦੇ ਫਲਾਂ ਦੀ ਭੇਟ ਕਰ ਰਿਹਾ ਸੀ? ਇਹ ਉਸ ਤੇ ਆਤਮਿਕ ਤੌਰ ਤੇ ਪ੍ਰਗਟ ਕੀਤਾ ਗਿਆ ਸੀ। ਤੁਹਾਨੂੰ ਇਹ ਸੈਮੀਨਾਰ ਦੁਆਰਾ ਪ੍ਰਾਪਤ ਨਹੀਂ ਹੁੰਦਾ। ਤੁਸੀਂ ਇਸਨੂੰ ਨਾਮਧਾਰੀ ਗਿਰਜਿਆਂ ਦੁਆਰਾ ਪ੍ਰਾਪਤ ਨਹੀਂ ਕਰਦੇ। ਤੁਸੀਂ ਇਸਨੂੰ ਸਵਰਗ ਤੋਂ ਪ੍ਰਾਪਤ ਕਰਦੇ ਹੋ।

156 ਹੁਣ ਸੱਪ ਨੂੰ ਦੇਖੋ, ਇਹ ਸੱਪ ਜੋ ਪਹਿਲਾਂ ਸੀ। ਆਓ ਹੁਣ ਉਸਦੀ ਇੱਕ ਤਸਵੀਰ ਖਿੱਚੀਏ। ਉਹ ਇੱਕ ਬਹੁਤ ਵੱਡਾ ਸਾਥੀ ਹੈ। ਉਹ ਚਿੰਪਾਂਜ਼ੀ ਅਤੇ ਆਦਮੀ ਦੇ ਵਿਚਕਾਰ ਹੈ। ਅਤੇ, ਸੱਪ; ਸ਼ੈਤਾਨ, ਲੂਸੀਫਰ, ਜਾਣਦਾ ਸੀ ਕਿ ਇਹ ਸਿਰਫ ਉਹੀ ਲਹੂ ਸੀ ਜੋ ਇਸ ਮਨੁੱਖੀ ਖੂਨ ਨਾਲ ਮਿਲ ਸਕਦਾ ਸੀ, ਇੱਕੋ ਇੱਕ ਵਿਅਕਤੀ ਜਿਸ ਨਾਲ ਉਹ ਨਜਿੱਠ ਸਕਦਾ ਸੀ। ਉਹ ਚਿੰਪਾਂਜ਼ੀ ਨਾਲ ਨਜਿੱਠ ਨਹੀਂ ਸਕਿਆ, ਉਹ ਖੂਨ ਨਹੀਂ ਰੱਲ ਸਕਦਾ ਸੀ। ਉਹ ਵੱਖੋ ਵੱਖਰੀਆਂ ਚੀਜ਼ਾਂ ਨਾਲ ਨਜਿੱਠ ਨਹੀਂ ਸਕਦਾ ਸੀ। ਉਹ ਭੇਡਾਂ ਨਾਲ ਨਜਿੱਠ ਨਹੀਂ ਸਕਦਾ ਸੀ। ਉਹ ਘੋੜੇ ਨਾਲ ਨਜਿੱਠ ਨਹੀਂ ਸਕਦਾ ਸੀ। ਉਹ ਕਿਸੇ ਜਾਨਵਰ ਨਾਲ ਨਜਿੱਠ ਨਹੀਂ ਸਕਦਾ ਸੀ; ਉਸਨੂੰ ਇਸ ਸੱਪ ਨਾਲ ਨਜਿੱਠਣਾ ਪਿਆ।

157 ਚਲੋ ਹੁਣ ਉਸਨੂੰ ਲੈ ਕੇ ਵੇਖੀਏ ਕਿ ਉਹ ਕਿਹੋ ਜਿਹਾ ਦਿਖਾਈ ਦਿੰਦਾ ਹੈ। ਉਹ ਇੱਕ ਬਹੁਤ ਵੱਡਾ ਸਾਥੀ, ਪੂਰਵ ਇਤਿਹਾਸਕ ਦੈਂਤ ਹੈ। ਇਹ ਉਹ ਥਾਂ ਹੈ ਜਿੱਥੇ ਉਨ੍ਹਾਂ ਨੂੰ ਇਹ ਵੱਡੀਆਂ ਹੱਡੀਆਂ ਮਿਲਦੀਆਂ ਹਨ, ਅਤੇ ਮੈਂ ਤੁਹਾਨੂੰ

ਇਹ ਬਾਈਬਲ ਵਿਚ ਦਿਖਾਵਾਂਗਾ। ਹੁਣ ਧਿਆਨ ਨਾਲ ਦੇਖੋ। ਠੀਕ ਹੈ। ਇਹ ਬਹੁਤ ਵੱਡਾ ਸਾਥੀ, ਮੰਨ ਲਓ ਕਿ ਉਹ—ਉਹ ਦਸ-ਫੁੱਟ ਲੰਬਾ ਸੀ, ਵੱਡੇ ਵੱਡੇ ਮੋਢੇ ਸਨ; ਬਸ ਇੱਕ ਆਦਮੀ ਵਾਂਗ ਦਿਖਾਈ ਦਿੰਦਾ ਸੀ। ਅਤੇ ਉਸਦਾ ਲਹੂ, ਹੇਠਾਂ ਆਉਣ ਤੋਂ ਬਾਅਦ, ਇੱਕ ਜਾਨਵਰ ਤੋਂ ਦੂਜੇ ਜਾਨਵਰ ਨਾਲ ਮੇਲ ਖਾਂਦਾ ਹੈ; ਤੁਸੀਂ ਜਾਨਵਰਾਂ ਨੂੰ ਦੋਗਲੇ ਕਰ ਸਕਦੇ ਹੋ; ਅਤੇ ਇਹ ਉੱਚੇ ਖ਼ੂਨ, ਜੀਵਨ ਦਾ ਉੱਚਾ ਰੂਪ, ਉੱਚਾ ਰੂਪ ਪ੍ਰਾਪਤ ਕਰਦਾ ਰਿਹਾ, ਜਦੋਂ ਤੱਕ ਇਹ ਮਨੁੱਖ ਦੇ ਖੇਤਰ ਵਿੱਚ ਨਹੀਂ ਚੜ੍ਹਦਾ। ਪਰ ਇੱਥੇ, ਇੱਥੇ ਵਿਚਕਾਰ, ਆਖਰੀ ਸੰਪਰਕ ਕੱਟ ਦਿੱਤਾ ਗਿਆ ਸੀ। ਕਿੰਨੇ ਜਾਣਦੇ ਹਨ ਕਿ ਵਿਗਿਆਨ ਗੁੰਮ ਹੋਏ ਜੋੜ ਨੂੰ ਨਹੀਂ ਲੱਭ ਸਕਦਾ? ਤੁਸੀਂ ਸਾਰੇ ਇਹ ਜਾਣਦੇ ਹੋ। ਕਿਉਂ? ਇੱਥੇ ਉਹ ਹੈ, ਸੱਪ। ਇੱਥੇ ਉਹ ਇੱਕ, ਬਹੁਤ ਵੱਡਾ ਸਾਥੀ ਸੀ।

ਅਤੇ ਸ਼ੈਤਾਨ ਹੇਠਾਂ ਆਉਂਦਾ ਹੈ, ਹੁਣ, ਉਹ ਕਹਿੰਦਾ ਹੈ, "ਮੈਂ ਪ੍ਰੇਰਿਤ ਕਰ ਸਕਦਾ ਹਾਂ।"

158 ਹੁਣ ਜਦੋਂ ਤੁਸੀਂ ਔਰਤਾਂ ਅਤੇ ਔਰਤਾਂ ਦੇ ਕੰਮਾਂ ਨੂੰ ਵੇਖਣ ਲਈ ਜਾਂਦੇ ਹੋ, ਤੁਸੀਂ ਯਾਦ ਰੱਖੋ, ਤੁਸੀਂ ਸ਼ੈਤਾਨ ਤੋਂ ਮਸਹ ਕੀਤੇ ਹੋਏ ਹੋ (ਅਤੇ ਇਹ ਤੁਹਾਡੀ ਆਪਣੀ ਪਤਨੀ ਨਹੀਂ ਹੈ)।

159 ਧਿਆਨ ਦਿਓ, ਹੁਣ, ਸ਼ੈਤਾਨ ਹੇਠਾਂ ਆਇਆ ਅਤੇ ਸੱਪ ਵਿੱਚ ਆ ਗਿਆ। ਅਤੇ ਉਸਨੇ ਹੱਵਾਹ ਨੂੰ ਅਦਨ ਦੇ ਬਾਗ਼ ਵਿੱਚ, ਨੰਗੀ ਵੇਖਿਆ, ਅਤੇ ਉਸਨੇ ਉਸ ਫਲ ਬਾਰੇ ਗੱਲ ਕੀਤੀ ਜੋ ਵਿਚਕਾਰ ਸੀ। *ਵਿਚਕਾਰ* ਦਾ ਮਤਲਬ ਹੈ "ਮੱਧ", ਅਤੇ ਇਸ ਤਰ੍ਹਾਂ; ਤੁਸੀਂ ਸਮਝਦੇ ਹੋ, ਇੱਕ ਰਲੀ ਮਿਲੀ ਕਲੀਸਿਯਾ ਵਿੱਚ। ਅਤੇ ਉਸਨੇ ਕਿਹਾ, "ਹੁਣ, ਇਹ ਸੁਹਾਵਣਾ ਹੈ। ਇਹ ਅੱਖਾਂ ਲਈ ਚੰਗਾ ਹੈ।" ਉਸ ਨੇ ਕੀ ਕੀਤਾ? ਉਹ ਹੱਵਾਹ ਨੂੰ ਪਿਆਰ ਕਰਨਾ ਸ਼ੁਰੂ ਕਰ ਦਿੰਦਾ ਹੈ, ਅਤੇ ਉਹ ਉਸਦੇ ਨਾਲ ਰਿਹਾ, ਇੱਕ ਪਤੀ ਦੇ ਰੂਪ ਵਿੱਚ।

160 ਅਤੇ ਉਸਨੇ ਵੇਖਿਆ ਕਿ ਇਹ ਸੁਹਾਵਣਾ ਸੀ, ਇਸ ਲਈ ਉਸਨੇ ਜਾ ਕੇ ਆਪਣੇ ਪਤੀ ਨੂੰ ਦੱਸਿਆ, ਪਰ ਉਹ ਪਹਿਲਾਂ ਹੀ ਗਰਭਵਤੀ ਸੀ, ਸ਼ੈਤਾਨ ਦੁਆਰਾ।

161 ਅਤੇ ਉਸਨੇ ਆਪਣੇ ਪਹਿਲੇ ਪੁੱਤਰ ਨੂੰ ਜਨਮ ਦਿੱਤਾ, ਜਿਸਦਾ ਨਾਮ ਕਾਇਨ ਸੀ, ਸ਼ੈਤਾਨ ਦਾ ਪੁੱਤਰ।

"ਹੁਣ," ਤੁਸੀਂ ਕਹਿੰਦੇ ਹੋ, "ਇਹ ਗਲਤ ਹੈ।"

162 ਠੀਕ ਹੈ, ਅਸੀਂ ਇਹ ਪਤਾ ਲਗਾਵਾਂਗੇ ਕਿ ਇਹ ਗਲਤ ਹੈ ਜਾਂ ਨਹੀਂ। "ਅਤੇ ਤੇਰੇ ਤੇ ਤੀਵੀਂ ਵਿੱਚ ਅਤੇ ਤੇਰੀ ਸੰਤਾਨ ਤੇ ਤੀਵੀਂ ਦੀ ਸੰਤਾਨ ਵਿੱਚ ਮੈਂ ਵੈਰ ਪਾਵਾਂਗਾ।" ਕੀ? ਸੱਪ ਦੀ ਸੰਤਾਨ! ਉਸ ਕੋਲ ਇੱਕ ਸੰਤਾਨ ਸੀ, ਅਤੇ

ਉਸ ਕੋਲ ਵੀ ਇੱਕ ਸੰਤਾਨ ਸੀ। "ਉਹ ਤੇਰੇ ਸਿਰ ਨੂੰ ਫੇਵੇਗਾ, ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਂਗਾ।" ਅਤੇ ਉੱਥੇ ਇੱਕ *ਡੰਗ* ਦਾ ਮਤਲਬ ਹੈ "ਪ੍ਰਾਸਚਿਤ ਕਰਨਾ।" ਹੁਣ ਇੱਥੇ ਹੈ ਤੁਹਾਡੀ ਸੱਪ ਦੀ "ਸੰਤਾਨ"।

ਹੁਣ, ਧਿਆਨ ਦਿਓ, ਇੱਥੇ ਇਹ ਦੋ ਆਦਮੀ ਬਾਹਰ ਆਉਂਦੇ ਹਨ।

163 ਹੁਣ, ਇਹ ਸੱਪ, ਜਦੋਂ ਉਹ ਉਥੇ ਖੜ੍ਹਾ ਸੀ, ਇਹ ਵੱਡਾ ਵਿਸ਼ਾਲ ਦੈਂਤ ਉਥੇ ਖੜ੍ਹਾ ਹੋ ਗਿਆ, ਉਹ ਆਦਮ ਦੀ ਪਤਨੀ ਨਾਲ ਵਿਭਚਾਰ ਕਰਨ ਦਾ ਦੋਸ਼ੀ ਸੀ। ਅੱਜ ਪਾਪ ਕਿੱਥੇ ਹੈ? ਕਿਹੜੀ ਚੀਜ਼ ਚੀਜ਼ਾਂ ਨੂੰ ਅੱਜ ਵਾਂਗ ਬਣਾਉਂਦੀ ਹੈ? ਹੁਣ, ਮੈਂ—ਮੈਂ...ਯਕੀਨਨ ਤੁਸੀਂ ਉਹ ਸਮਝ ਸਕਦੇ ਹੋ ਜਿਸ ਬਾਰੇ ਮੈਂ ਗੱਲ ਕਰ ਰਿਹਾ ਹਾਂ। ਅਤੇ ਉੱਥੇ ਇਹ ਸੀ।

ਅਤੇ ਜਦੋਂ ਉਸਨੇ ਕੀਤਾ, ਪਰਮੇਸ਼ੁਰ ਨੇ ਕਿਹਾ, ਹੱਵਾਹ ਅਤੇ ਆਦਮ ਨੂੰ ਬੁਲਾਉਣਾ ਸ਼ੁਰੂ ਕੀਤਾ।

ਅਤੇ ਉਸਨੇ ਕਿਹਾ, "ਮੈਂ ਨੰਗਾ ਸੀ।"

ਅਤੇ ਉਸਨੇ ਕਿਹਾ, "ਤੁਹਾਨੂੰ ਕਿਸਨੇ ਕਿਹਾ ਕਿ ਤੁਸੀਂ ਨੰਗੇ ਹੋ?"

164 ਫਿਰ ਉਹ ਸ਼ੁਰੂ ਕਰਦੇ ਹਨ, ਫੌਜ ਵਾਂਗ, ਇਲਜ਼ਾਮ ਮੜ੍ਹਨਾ ਸ਼ੁਰੂ ਕਰਦੇ ਹਨ। ਕਿਹਾ, "ਅੱਛਾ, ਜੋ ਔਰਤ ਤੁਸੀਂ ਮੈਨੂੰ ਦਿੱਤੀ ਹੈ, ਉਸ ਨੇ ਇਹ ਕੀਤਾ। ਉਹ ਹੀ ਸੀ ਜਿਸ ਨੇ ਮੈਨੂੰ ਮਨਾ ਲਿਆ।"

165 ਅਤੇ ਉਸਨੇ ਕਿਹਾ, "ਸੱਪ ਮੈਨੂੰ ਇੱਕ ਸੇਬ ਦਿੱਤਾ"? ਠੀਕ ਹੈ, ਪ੍ਰਚਾਰਕ, ਆਪਣੇ ਪਿੱਛੇ ਹੋ ਜਾਓ।

166 ਉਸਨੇ ਕਿਹਾ, "ਸੱਪ ਨੇ ਮੈਨੂੰ ਭਰਮਾਇਆ।" ਕੀ ਤੁਸੀਂ ਜਾਣਦੇ ਹੋ ਕਿ *ਭਰਮਾਉਣ* ਦਾ ਕੀ ਅਰਥ ਹੈ? ਇਸ ਦਾ ਮਤਲਬ ਹੈ "ਪਲੀਤ।" ਉਹ...ਉਸ ਨੇ...ਸ਼ੈ-...ਸ਼ੈਤਾਨ ਨੇ ਕਦੇ ਵੀ ਉਸ ਨੂੰ ਸੇਬ ਨਹੀਂ ਦਿੱਤਾ। "ਸੱਪ ਨੇ ਮੈਨੂੰ ਸੱਪ ਨੇ ਮੈਨੂੰ ਭਰਮਾਇਆ।"

ਅਤੇ ਫਿਰ ਸਰਾਪ ਆਇਆ।

167 ਉਸ ਨੇ ਕਿਹਾ, "ਕਿਉਂਕਿ ਤੂੰ ਆਪਣੇ ਪਤੀ ਦੀ ਥਾਂ ਸੱਪ ਨੂੰ ਸੁਣਿਆ, ਤੁਸੀਂ ਸੰਸਾਰ ਤੋਂ ਜੀਵਨ ਲਿਆ। ਅਤੇ ਤੂੰ—ਤੂੰ ਆਪਣੇ ਦੁੱਖਾਂ ਵਿੱਚ ਵਾਧਾ ਕਰੇਂਗੀ; ਅਤੇ ਤੇਰਾ ਗਰਭਵਤੀ ਹੋਣਾ ਤੇਰੇ ਪਤੀ ਤੋਂ ਹੋਵੇਗਾ,'' ਅਤੇ ਇਸ ਤਰ੍ਹਾਂ।

168 "ਏਸ ਲਈ ਕਿ ਮੇਰੀ ਬਜਾਏ, ਤੂੰ ਆਪਣੀ ਤੀਵੀਂ ਦੀ ਗੱਲ ਸੁਣੀ (ਮੈਂ ਤੈਨੂੰ ਉਸ ਤੋਂ ਕੱਢਿਆ ਗਿਆ ਸੀ; ਸਰਬੋਤਮ ਨਸਲ), ਤੂੰ ਮਿੱਟੀ ਵਿੱਚ ਤੂੰ ਮੁੜ ਜਾਵੇਂਗਾ।"

169 "ਅਤੇ, ਸੱਪ, ਕਿਉਂਕਿ ਤੂੰ ਏਹ ਕੀਤਾ, ਤੇਰੀਆਂ ਲੱਤਾਂ ਜਾਂਦੀਆਂ ਰਹਿਣਗੀਆਂ। ਤੂੰ ਆਪਣੇ ਢਿੱਡ ਭਾਰ ਤੁਰੇਂਗਾ, ਆਪਣੇ ਜੀਵਣ ਦੇ ਸਾਰੇ ਦਿਨ। ਅਤੇ ਤੂੰ ਘਿਨਾਉਣਾ ਹੋਵੇਂਗਾ। ਅਤੇ ਤੂੰ ਮਿੱਟੀ ਖਾਇਆ ਕਰੇਂਗਾ।" ਉਥੇ ਤੁਸੀਂ ਹੋ। ਇੱਥੇ ਹੈ ਉਹ ਗੁੰਮਸ਼ੁਦਾ ਕੜੀ।

170 ਹੁਣ ਇੱਥੇ ਕਾਇਨ ਆਉਂਦਾ ਹੈ। ਆਓ ਕੁਦਰਤ ਨੂੰ ਵੇਖੀਏ। ਇੱਥੇ ਕਾਇਨ ਆਉਂਦਾ ਹੈ। ਉਹ ਕੀ ਹੈ? ਉਹ ਇੱਕ ਚਲਾਕ ਵਪਾਰੀ ਹੈ। ਉਹ ਖੇਤ ਵਾਹੁੰਦਾ ਹੈ। ਚੁਸਤ, ਬੁੱਧੀਮਾਨ; ਧਾਰਮਿਕ, ਬਹੁਤ ਧਾਰਮਿਕ; ਹੁਣ ਉਸ ਦੇ—ਉਸ ਦੇ ਗੁਣ ਦੇਖੋ। ਬੱਸ ਕੁਝ ਮਿੰਟਾਂ ਲਈ ਮੇਰੇ ਨਾਲ ਚੱਲੋ।

171 ਇੱਥੇ ਉਹ ਆਉਂਦਾ ਹੈ। ਉਹ ਜਾਣਦਾ ਹੈ ਕਿ ਉਹ ਨੈਤਿਕ ਹੈ। ਉਹ ਕਲੀਸਿਯਾ ਵਿੱਚ ਜਾਣਾ ਚਾਹੁੰਦਾ ਹੈ। ਉਹ ਆਪਣੇ ਲਿ ਇੱਕ ਕਲੀਸਿਯਾ ਬਣਾਉਂਦਾ ਹੈ, ਉਸਦੇ ਇੱਕ ਭੇਟ ਬਣਾਉਂਦਾ ਹੈ। ਇੱਕ ਜਗਵੇਦੀ, ਅਤੇ ਸਭ ਲਿਆਉਂਦਾ ਹੈ। ਇੱਕ ਜਗਵੇਦੀ ਬਣਾਈ, ਉਸ ਉੱਤੇ ਉਸਦੇ ਫੁੱਲ ਰੱਖੇ। ਖੇਤ ਦੇ ਰੱਖੇ…ਖੇਤ ਦਾ ਫਲ, ਪਰਮੇਸ਼ੁਰ ਨੂੰ ਭੇਟ ਕੀਤੇ। ਕਿਹਾ, "ਹੇ ਪ੍ਰਭੂ, ਤੁਸੀਂ ਉੱਥੇ ਹੋ। ਮੈਂ ਜਾਣਦਾ ਹਾਂ ਕਿ ਅਸੀਂ ਸੇਬ ਖਾਂਦੇ ਹਾਂ, ਇਸੇ ਲਈ ਮੈਂ ਲੈ ਕੇ ਆਇਆ ਹਾਂ।" ਉਸ ਦੇ ਵੰਸ਼ ਕੋਲ ਇਸੇ ਤਰ੍ਹਾਂ ਦਾ ਵਿਚਾਰ ਹੈ। ਦਿਖਾਉਂਦਾ ਹੈ ਕਿ ਇਹ ਕਿੱਥੋਂ ਆਇਆ ਹੈ। ਆਪਣੇ ਸੇਬਾਂ ਨੂੰ, ਖੇਤ ਤੋਂ ਬਾਹਰ ਲਿਆਇਆ, ਉਨ੍ਹਾਂ ਨੂੰ ਉਥੇ ਰੱਖਿਆ, ਕਿਹਾ, "ਇਸ ਨਾਲ ਪ੍ਰਾਸਚਿਤ ਹੋ ਜਾਵੇਗਾ।"

ਪਰਮੇਸ਼ੁਰ ਨੇ ਕਿਹਾ, "ਇਹ ਸੇਬ ਨਹੀਂ ਸਨ।"

172 ਪਰ, ਆਤਮਿਕ ਪ੍ਰਕਾਸ਼ ਦੁਆਰਾ, ਹਾਬਲ ਜਾਣਦਾ ਸੀ ਕਿ ਇਹ ਲਹੂ ਸੀ। ਇਸ ਲਈ ਉਹ ਇੱਕ ਲੇਲਾ ਲਿਆਇਆ, ਉਸਦਾ ਗਲਾ ਕੱਟਿਆ, ਅਤੇ ਉਹ ਮਰ ਗਿਆ।

173 ਅਤੇ ਪਰਮੇਸ਼ੁਰ ਨੇ ਕਿਹਾ, "ਇਹ ਠੀਕ ਹੈ। ਇਸ ਨੇ ਹੀ ਇਹ ਕੀਤਾ ਹੈ। ਇਹ ਲਹੂ ਸੀ।" ਤੁਸੀਂ ਜਾਣਦੇ ਹੋ ਕਿ ਮੈਂ ਕਿਸ ਲਹੂ ਬਾਰੇ ਗੱਲ ਕਰ ਰਿਹਾ ਹਾਂ। ਠੀਕ ਹੈ। "ਇਹ ਲਹੂ ਸੀ ਜਿਸਨੇ ਇਹ ਕੀਤਾ।"

174 ਹੁਣ ਦੇਖੋ। ਅਤੇ ਫਿਰ ਜਦੋਂ ਕਇਨ ਨੇ ਦੇਖਿਆ ਕਿ ਉਸਦਾ ਪਵਿੱਤਰ-ਪਖੰਡੀ ਭਰਾ ਪਰਮੇਸ਼ੁਰ ਦੇ ਅੱਗੇ ਸਵੀਕਾਰ ਕੀਤਾ ਗਿਆ ਸੀ, ਅਤੇ ਉੱਥੇ ਚਿਨ੍ਹ ਅਤੇ ਅਚੰਭੇ ਕੰਮ ਹੋ ਰਹੇ ਸਨ, ਉਹ ਉਸ ਨਾਲ ਈਰਖਾ ਕਰਨ ਲੱਗਾ। ਉਸਨੇ ਕਿਹਾ, "ਅਸੀਂ ਇਸ ਸਮਗਰੀ ਨੂੰ ਹੁਣੇ ਬੰਦ ਕਰ ਦੇਵਾਂਗੇ।" ਅੱਜ, ਉਸ ਦੇ ਭਰਾਵਾਂ ਨੂੰ ਵੇਖਿਓ, ਉਸ ਦੇ ਬੱਚਿਆਂ ਵੱਲ ਵੇਖਿਓ। "ਹੁਣ, ਮੈਂ ਉਸ ਨਾਲੋਂ ਹੁਸ਼ਿਆਰ ਹਾਂ," ਇਸ ਲਈ ਉਹ ਗੁੱਸੇ ਹੋ ਗਿਆ। *ਗੁੱਸਾ* ਕਿੱਥੋਂ ਆਇਆ?

ਕੀ ਤੁਸੀਂ ਕਹਿ ਸਕਦੇ ਹੋ ਕਿ ਗੁੱਸਾ…? ਉਸ ਨੇ ਆਪਣੇ ਭਰਾ ਨੂੰ ਮਾਰ ਦਿੱਤਾ। ਉਹ ਕਾਤਲ ਸੀ।

175 ਕੀ ਤੁਸੀਂ ਪਰਮੇਸ਼ੁਰ ਨੂੰ ਕਾਤਲ ਕਹਿ ਸਕਦੇ ਹੋ? ਅਤੇ ਆਦਮ ਪਰਮੇਸ਼ੁਰ ਦਾ ਪੁੱਤਰ ਸੀ। ਬਾਈਬਲ ਕਹਿੰਦੀ ਹੈ, ਕਿ, "ਆਦਮ ਪਰਮੇਸ਼ੁਰ ਦਾ ਪੁੱਤਰ ਸੀ," ਉਹ ਸ਼ੁਰੂਆਤ ਤੋਂ ਹੀ ਸ਼ੁੱਧ ਸੀ। ਆਦਮ ਪਰਮੇਸ਼ੁਰ ਦਾ ਪੁੱਤਰ ਸੀ। ਅਤੇ ਉਹ ਈਰਖਾ ਅਤੇ ਜਲਨ, ਅਤੇ ਸਭ ਕੁਝ, ਉਸ ਸ਼ੁੱਧ ਧਾਰਾ ਤੋਂ ਬਾਹਰ ਨਹੀਂ ਆ ਸਕਦੇ ਸਨ।

176 ਇਸ ਨੂੰ ਕਿਸੇ ਹੋਰ ਥਾਂ ਤੋਂ ਆਉਣਾ ਸੀ। [ਟੇਪ ਤੇ ਖਾਲੀ ਥਾਂ—ਸੰਪਾ.] ਅਤੇ ਇਹ ਸ਼ੈਤਾਨ ਦੁਆਰਾ ਆਏ ਜੋ ਇੱਕ ਕਾਤਲ ਸੀ, ਸ਼ੁਰੂਆਤ ਤੋਂ ਹੀ। ਬਾਈਬਲ ਨੇ ਕਿਹਾ, "ਉਹ ਇੱਕ ਝੂਠਾ ਅਤੇ ਕਾਤਲ ਸੀ, ਸ਼ੁਰੂਆਤ ਤੋਂ ਹੀ।" ਅਤੇ ਇਹ ਉੱਥੇ ਹੈ। ਅਤੇ ਉਸ ਨੇ ਆਪਣੇ ਭਰਾ ਨੂੰ ਮਾਰ ਦਿੱਤਾ।

177 ਅਤੇ ਇਹ ਮਸੀਹ ਦੀ ਮੌਤ ਦਾ ਇੱਕ ਨਮੂਨਾ ਸੀ। ਫਿਰ, ਉਸ ਵਿਚੋਂ, ਜਰੂਰ, ਉਸ ਨੇ ਸੇਤ ਨੂੰ ਆਪਣੀ ਜਗ੍ਹਾ ਲੈਣ ਲਈ ਖੜ੍ਹਾ ਕੀਤਾ। ਮਸੀਹ ਦੀ ਮੌਤ, ਦਫ਼ਨਾਉਣ ਅਤੇ ਜੀ ਉੱਠਣਾ।

178 ਅਤੇ ਦੇਖੋ, ਫਿਰ, ਇੱਥੇ ਤੁਹਾਡੇ ਦੈਂਤ ਆਉਂਦੇ ਹਨ। ਫ਼ੇਰ ਕਇਨ ਨੋਦ ਦੀ ਧਰਤੀ ਵਿੱਚ ਚਲਾ ਗਿਆ। ਜੇ ਉਸਦਾ ਪਿਤਾ ਇੱਕ ਵੱਡਾ ਦੈਂਤ ਸੀ, ਤਾਂ ਕਾਇਨ ਕਿਹੋ ਜਿਹਾ ਹੋਵੇਗਾ? ਉਸਦੇ ਪਿਤਾ ਜਿਹਾ। ਅਤੇ ਉਹ ਨੋਦ ਦੀ ਧਰਤੀ ਵਿੱਚ ਗਿਆ ਅਤੇ ਆਪਣੀ ਇੱਕ ਭੈਣ ਨੂੰ ਲਿਆ।

179 ਇੱਕੋ ਇੱਕ ਤਰੀਕਾ ਜੋ ਉਹ ਕਰ ਸਕਦਾ ਸੀ। ਇੱਥੇ ਕੋਈ ਹੋਰ ਔਰਤਾਂ ਨਹੀਂ ਆ ਸਕਦੀਆਂ ਸਨ, ਪਰ ਸਿਰਫ਼ ਹੱਵਾਹ ਦੁਆਰਾ। ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਸੱਤਰ ਪੁੱਤਰ ਅਤੇ ਧੀਆਂ ਸਨ। ਜੇ—ਜੇ ਉਠੇ ਕੋਈ ਔਰਤ ਨਹੀਂ ਸੀ ਤਾਂ…ਬਾਈਬਲ ਔਰਤਾਂ ਦੇ ਜਨਮ ਦਾ ਵੇਰਵਾ ਨਹੀਂ ਰੱਖਦੀ, ਸਿਰਫ਼ ਮਰਦਾਂ ਦਾ। ਅਤੇ ਜਦੋਂ, ਜੇ ਹੱਵਾਹ ਤੋਂ ਸਿਵਾ ਕੋਈ ਹੋਰ ਔਰਤਾਂ ਨਹੀਂ ਸਨ, ਜਦੋਂ ਉਹ ਮਰ ਗਈ, ਤਾਂ ਮਨੁੱਖ ਜਾਤੀ ਦੀ ਹੋਂਦ ਖਤਮ ਹੋ ਗਈ ਹੁੰਦੀ। ਜਰੂਰ ਉਸ ਦੀਆਂ ਧੀਆਂ ਸਨ। ਅਤੇ ਉਸਨੂੰ ਆਪਣੀ ਹੀ ਭੈਣ ਨਾਲ ਵਿਆਹ ਕਰਨਾ ਪਿਆ।

180 ਉਹ ਨੋਦ ਦੀ ਧਰਤੀ ਵਿੱਚ ਗਿਆ ਅਤੇ—ਅਤੇ ਆਪਣੀ ਪਤਨੀ ਨੂੰ ਪ੍ਰਾਪਤ ਕੀਤਾ। ਅਤੇ ਜਦੋਂ ਉਸਨੇ ਉੱਥੇ ਉਸ ਨਾਲ ਵਿਆਹ ਕੀਤਾ, ਇਹੀ ਉਹ ਥਾਂ ਹੈ ਜਿੱਥੇ ਉਨ੍ਹਾਂ ਨੂੰ ਉਹ ਵੱਡੇ ਵੱਡੇ ਦੈਂਤ ਮਿਲੇ, ਜੋ ਪਰਮੇਸ਼ੁਰ ਦੇ ਡਿੱਗੇ ਹੋਏ ਪੁੱਤਰ ਸਨ। ਜੋ ਆਪਣੇ ਪਿਤਾ, ਸ਼ੈਤਾਨ, ਕਇਨ ਰਾਹੀਂ ਆਏ ਸਨ। ਇੱਥੇ ਹੈ ਤੁਹਾਡੀ ਗੁੰਮਸ਼ੁਦਾ ਕੜੀ।

181 ਅਤੇ ਸੱਪ ਦੇ ਬੀਜ ਨੂੰ ਦੇਖੋ। ਹੁਣ ਦੇਖੋ। ਯਾਦ ਰੱਖੋ, ਸੱਪ ਦਾ ਬੀਜ ਧਾਰਮਿਕ ਹੈ। ਇਸਨੂੰ ਹੁਣ ਹਿੱਲਣਾ ਸ਼ੁਰੂ ਕਰਦੇ ਹੋਏ ਵੇਖੋ, ਕੁਝ ਮਿੰਟਾਂ ਲਈ। ਇੱਥੇ ਇਹ ਜਾਂਦਾ ਹੈ, ਸੱਪ ਦਾ ਬੀਜ। ਉਨ੍ਹਾਂ ਨੂੰ ਕੀ ਹੋਇਆ? ਹੁਣ ਮੈਨੂੰ ਇੱਥੇ ਕੁਝ ਪੜ੍ਹਨ ਦਿਓ, ਮੈਂ ਅੱਜ ਦੁਪਹਿਰ ਨੂੰ ਹੀ ਲਿਖਿਆ ਸੀ।

182 ਹਾਬਲ ਦੇ ਵੰਸ਼ ਰਾਹੀਂ ਕੀ ਆਉਂਦਾ ਹੈ? ਇਸ ਨੂੰ ਸੁਣੋ। ਠੀਕ ਹੈ। ਨਾਲ ਹੀ ਹਾਬਲ ਆਇਆ। ਹਾਬਲ ਤੋਂ ਬਾਅਦ ਸੇਤ ਆਇਆ। ਸੇਤ ਤੋਂ ਬਾਅਦ ਨੂਹ ਆਇਆ। ਨੂਹ ਤੋਂ ਬਾਅਦ ਸ਼ੇਮ ਆਇਆ। ਸ਼ੇਮ ਤੋਂ ਬਾਅਦ ਅਬਰਾਹਾਮ ਆਉਂਦਾ ਹੈ। ਅਬਰਾਹਾਮ ਤੋਂ ਬਾਅਦ ਇਸਹਾਕ ਆਉਂਦਾ ਹੈ। ਇਸਹਾਕ ਤੋਂ ਬਾਅਦ ਯਾਕੂਬ ਆਉਂਦਾ ਹੈ। ਯਾਕੂਬ ਤੋਂ ਬਾਅਦ ਯਹੂਦਾਹ ਆਇਆ। ਯਹੂਦਾਹ ਤੋਂ ਬਾਅਦ ਦਾਊਦ ਆਇਆ। ਦਾਊਦ ਤੋਂ ਬਾਅਦ ਮਸੀਹ, ਸਿੱਧਤਾ ਲਈ ਆਇਆ।

183 ਉੱਥੇ ਪਿਛਾਂਹ ਦੇਖੋ ਕਿ ਪਰਮੇਸ਼ੁਰ ਦਾ ਆਤਮਾ ਹਾਬਲ ਵਿੱਚ ਕਿਵੇਂ ਰਹਿੰਦਾ ਸੀ। ਦੇਖੋ ਇਹ ਸੇਤ ਵਿੱਚ ਕਿਵੇਂ ਰਹਿੰਦਾ ਸੀ। ਦੇਖੋ ਕਿ ਇਹ ਯਹੂਦਾਹ ਵਿੱਚ ਕਿਵੇਂ ਰਹਿੰਦਾ ਸੀ। ਦੇਖੋ ਕਿ ਇਹ ਦਾਊਦ ਵਿੱਚ ਕਿਵੇਂ ਰਹਿੰਦਾ ਸੀ। ਉਸੇ ਆਤਮਾ ਨੂੰ ਦੇਖੋ ਜੋ ਪੁਕਾਰ ਰਹੀ ਹੈ, ਜੋ ਉਸ ਧਰਮੀ ਬੀਜ ਦੁਆਰਾ, ਹੇਠਾਂ ਤੀਕ ਹੈ। ਭਾਵੇਂ ਉਨ੍ਹਾਂ ਨੇ ਕੁਝ ਵੀ ਕੀਤਾ, ਉਹ ਪਹਿਲਾਂ ਤੋਂ ਨਿਰਧਾਰਤ ਸਨ।

184 ਯਾਕੂਬ ਨੂੰ ਦੇਖੋ, ਇੱਕ ਗੰਦਾ...ਮੈਂ ਇਹ ਨਿੰਦਿਆ ਕਰਨ ਲਈ ਨਹੀਂ ਕਹਿੰਦਾ। ਪਰ ਯਾਕੂਬ, ਇੱਕ ਛੋਟਾ ਜਿਹਾ ਸ਼ਰਮੀਲਾ, ਹਰ ਸਮੇਂ ਆਪਣੀ ਮਾਂ ਦੇ ਕੋਟ ਦੀ ਪੂਛ ਨਾਲ ਲਟਕਦਾ ਰਹਿੰਦਾ ਸੀ; ਚੁਫੇਰੇ ਦੌੜਦਾ ਸੀ, ਇੱਕ ਛੋਟਾ ਡਰਪੋਕ ਜਿਹਾ ਮੁੰਡਾ। ਆਪਣੇ ਉੱਪਰ ਕੁਝ ਪਹਿਣ ਕੇ, ਗਿਆ ਅਤੇ ਆਪਣੇ ਪਿਤਾ ਨੂੰ ਧੋਖਾ ਦਿੱਤਾ, ਆਸ਼ੀਸ ਲੈਣ ਲਈ ਗਿਆ; ਪਰ ਇਹ ਜਗਤ ਦੀ ਨੀਂਹ ਤੋਂ ਪਹਿਲਾਂ ਉਸਨੂੰ ਦਿੱਤਾ ਗਿਆ ਸੀ। ਯਕੀਨਨ, ਇਹ ਸੀ।

185 ਉਥੇ ਜਾ ਕੇ ਆਪਣੇ ਸਹੁਰੇ ਨੂੰ ਝੂਠ ਬੋਲਿਆ; ਅਤੇ ਕੁਝ ਚਿਤਕਬਰੀਆਂ ਸੋਟੀਆਂ ਲਈਆਂ, ਚਿਨਾਰ ਦੀਆਂ ਸੋਟੀਆਂ ਲੈ ਕੇ ਪਾਣੀ ਵਿੱਚ ਪਾ ਦਿੱਤੀਆਂ, ਤਾਂ ਜੋ ਇਹਨਾਂ ਪਸ਼ੂਆਂ ਨੂੰ ਡਰਾਉਣ ਲਈ ਜਦੋਂ ਉਹ ਗਰਭਵਤੀ ਸਨ; ਉਨ੍ਹਾਂ ਤੋਂ ਚਿਤਕਬਰੇ ਪਸ਼ੂ ਪੈਦਾ ਕਰਾਉਣ ਲਈ, ਤਾਂ ਜੋ ਉਹ ਧੋਖਾ ਦੇ ਕੇ ਉਨ੍ਹਾਂ ਤੋਂ ਪਸ਼ੂ ਪ੍ਰਾਪਤ ਕਰ ਸਕੇ। ਇਸ ਵਿੱਚ ਪਰਮੇਸ਼ੁਰ ਨੇ ਉਸ ਨੂੰ ਅਸੀਸ ਦਿੱਤੀ। ਇਹ ਠੀਕ ਹੈ।

186 ਹਾਏ ਉਸ ਉੱਤੇ ਜੋ ਯਾਕੂਬ ਬਾਰੇ ਕੁਝ ਆਖੇ। ਤੁਸੀਂ ਜਾਣਦੇ ਹੋ—ਤੁਸੀਂ ਜਾਣਦੇ ਹੋ ਕਿ ਝੂਠੇ ਨਬੀ ਨੇ ਕੀ ਕਿਹਾ ਸੀ...ਜਾਂ, ਉਹ ਸਹੀ ਭਵਿੱਖਬਾਣੀ ਕਰ ਰਿਹਾ ਸੀ। ਬਿਲਆਮ, ਉਸਨੇ ਕਿਹਾ, "ਜੋ ਕੋਈ ਉਸਨੂੰ ਅਸੀਸ ਦਿੰਦਾ ਹੈ

ਉਸਨੂੰ ਅਸੀਸ ਦਿੱਤੀ ਜਾਵੇਗੀ, ਅਤੇ ਜੋ ਕੋਈ ਉਸਨੂੰ ਸਰਾਪ ਦਿੰਦਾ ਹੈ ਉਸਨੂੰ ਸਰਾਪ ਦਿੱਤਾ ਜਾਵੇਗਾ।"

187 "ਮੈਂ ਤੈਨੂੰ ਲਿਆ, ਯਾਕੂਬ। ਮੈਂ ਉਸਨੂੰ ਇੱਕ...ਅਣਜਾਣ ਦੇਸ਼ ਵਿੱਚ ਪਾਇਆ। ਅਤੇ ਜਿਵੇਂ ਉਕਾਬ ਆਪਣਾ ਆਲ੍ਹਣਾ ਹਿਲਾਉਂਦਾ ਹੈ, ਮੈਂ ਉਸਨੂੰ ਹਿਲਾ ਕੇ ਬਾਹਰ ਕੱਢ ਲਿਆ।" ਹਲਲੂਯਾਹ! "ਬਲ ਦੁਆਰਾ ਨਹੀਂ, ਸ਼ਕਤੀ ਦੁਆਰਾ ਨਹੀਂ, ਪਰ ਮੇਰੀ ਆਤਮਾ ਦੁਆਰਾ, ਪ੍ਰਭੂ ਆਖਦਾ ਹੈ।"

188 ਉਸ ਨੂੰ ਹੇਠਾਂ ਸਿੱਧਤਾ ਤੱਕ ਆਉਂਦੇ ਹੋਏ ਦੇਖੋ। ਉਹ ਆਤਮਾ ਮਸੀਹ ਵਿੱਚ ਸਿੱਧਤਾ ਲਈ ਕੰਮ ਕਰਦੀ ਹੈ, ਹਰ ਇੱਕ ਪਤਵੰਤੇ ਦੁਆਰਾ, ਹੇਠਾਂ ਆਉਂਦੇ ਹੋਏ। ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਨੇ ਕੀ ਕੀਤਾ, ਉਨ੍ਹਾਂ ਨੇ ਕੀ ਕਿਹਾ, ਉਨ੍ਹਾਂ ਨੇ ਕੀ ਕੀਤਾ, ਉਹ ਬਿਲਕੁਲ ਧਰਮੀ ਲੋਕਾਂ ਦੀ ਸੰਤਾਨ ਸਨ।

189 ਅਤੇ, ਇੱਥੇ, ਜਦੋਂ ਧਰਮੀ ਅਬਰਾਹਾਮ...ਮਹਿਮਾ! ਔਹ, ਮੈਂ ਬਹੁਤ ਵਧੀਆ ਮਹਿਸੂਸ ਕਰਦਾ ਹਾਂ। ਜਦੋਂ ਧਰਮੀ ਅਬਰਾਹਾਮ ਮਲਕਿਸਿਦਕ ਨੂੰ ਮਿਲਿਆ, ਜੋ ਖੁਦ ਪਰਮੇਸ਼ੁਰ ਸੀ!

190 ਮਲਕਿਸਿਦਕ ਕੌਣ ਸੀ? "ਸਲੇਮ ਦਾ ਰਾਜਾ, ਜੋ ਯਰੂਸ਼ਲਮ ਦਾ ਰਾਜਾ ਹੈ, ਸ਼ਾਂਤੀ ਦਾ ਰਾਜਾ। ਉਸਦਾ ਕੋਈ ਪਿਤਾ ਨਹੀਂ ਸੀ। ਉਸਦੀ ਕੋਈ ਮਾਂ ਨਹੀਂ ਸੀ। ਉਸ ਦੇ ਦਿਨਾਂ ਦੀ ਕੋਈ ਸ਼ੁਰੂਆਤ ਨਹੀਂ ਸੀ, ਅਤੇ ਨਾ ਹੀ ਜੀਵਨ ਦਾ ਅੰਤ ਸੀ।" ਉਹ ਜੋ ਵੀ ਹੈ, ਉਹ ਅਜੇ ਵੀ ਜੀਉਂਦਾ ਹੈ। "ਉਸ ਦਾ ਕਦੇ ਜਨਮ ਨਹੀਂ ਹੋਇਆ ਸੀ। ਉਹ ਕਦੇ ਨਹੀਂ ਮਰੇਗਾ। ਉਸਦਾ ਕਦੇ ਵੀ ਕੋਈ ਪਿਤਾ ਜਾਂ ਮਾਤਾ ਨਹੀਂ ਸੀ। ਉਸ ਕੋਲ ਕਦੇ ਵੀ ਦਿਨਾਂ ਦੀ ਸ਼ੁਰੂਆਤ ਜਾਂ ਜੀਵਨ ਦਾ ਅੰਤ ਨਹੀਂ ਸੀ।" ਮੈਨੂੰ ਦੱਸੋ ਕਿ ਇਹ ਕੌਣ ਸੀ। ਅਨੰਤ ਪਰਮੇਸ਼ੁਰ; ਜਿਸ ਵਿੱਚ ਅਸੀਂ ਇੱਕ...

191 ਔਹ, ਮੈਂ ਭੁੱਲ ਗਿਆ ਕਿ ਤੁਸੀਂ ਇਸ ਨੂੰ ਹੁਣ ਕੀ ਕਹਿੰਦੇ ਹੋ। ਥੀਓਫਨੀ, ਇਹ ਕੀ ਹੈ। ਬਿਲਕੁਲ ਇਸ ਤਰ੍ਹਾਂ...ਇੱਕ ਝੂਠੀ ਕਥਾ ਨਹੀਂ; ਪਰ ਫਿਰ ਵੀ ਇਹ ਕੁਝ ਹੈ ਜੋ ਪ੍ਰਗਟ ਕੀਤਾ ਗਿਆ ਹੈ। ਜਿਵੇਂ ਉਹ ਤੰਬੂ ਵਿੱਚ ਅਬਰਾਹਾਮ ਕੋਲ ਆਇਆ, ਇੱਕ ਦੂਤ ਵਾਂਗ, ਅਤੇ ਭਵਿੱਖਬਾਣੀ ਕੀਤੀ, ਅਤੇ ਸਾਰਾਹ ਨੂੰ ਦੱਸਿਆ ਕਿ ਉਹ ਹੱਸੀ, ਉਸਦੇ ਪਿੱਛੇ, ਅਤੇ ਇਸ ਤਰ੍ਹਾਂ। ਉਹੀ ਗੱਲ, ਉਹੀ ਚੀਜ।

192 ਅਤੇ ਇੱਥੇ ਉਹ ਸੀ। ਉਹ ਮਲਕੀਸਿਦਕ ਨੂੰ ਮਿਲਿਆ। ਅਤੇ ਦਾਦਾ-... ਪੜ-ਦਾਦੇ ਅਬਰਾਹਾਮ ਨੇ, ਧਰਮਿਕਤਾ ਦੇ ਬੀਜ ਵਿੱਚ, ਮਲਕੀਸਿਦਕ ਨੂੰ ਦਸਵੰਧ ਦਿੱਤਾ; ਅਤੇ ਇਹ ਉਸ ਦੇ ਪੜਪੋਤੇ ਲਈ ਠਹਿਰਾਇਆ ਗਿਆ, ਧਰਮੀ ਦੀ ਸੰਤਾਨ।

193 ਹੁਣ ਇੱਥੇ ਸੱਪ ਦਾ—ਦਾ ਬੀਜ ਆਉਂਦਾ ਹੈ। ਹੁਣ, ਯਾਦ ਰੱਖੋ, ਉਨ੍ਹਾਂ ਵਿੱਚ ਦੁਸ਼ਮਣੀ, ਜੰਗ ਹੋਵੇਗੀ।

194 ਸੱਪ ਦਾ ਬੀਜ ਨਾਲ ਨਾਲ ਆਉਂਦਾ ਹੈ, ਅਤੇ ਇਹ ਕੀ ਪੈਦਾ ਕਰਦਾ ਹੈ? ਹੁਣ ਪਹਿਲੇ ਕੁਝ ਸਾਲਾਂ ਦੀ ਗੱਲ ਕਰਦੇ ਹਾਂ। ਹੁਣ ਦੇਖੋ ਉੱਥੇ ਕੀ ਹੁੰਦਾ ਹੈ। ਅਸੀਂ ਇਸਨੂੰ ਬਿਲਕੁਲ ਹੇਠਾਂ ਤਕ ਪੜ੍ਹਾਂਗੇ, ਕਿਉਂਕਿ ਮੈਂ ਹੁਣੇ ਇਸ ਦੀ ਜਾਂਚ ਕੀਤੀ ਹੈ। ਸੱਪ ਦੇ ਬੀਜ ਨੇ ਕਇਨ ਪੈਦਾ ਕੀਤਾ। ਕਇਨ ਨੋਡ ਦੀ ਧਰਤੀ ਵਿੱਚ ਗਿਆ, ਦੈਂਤ ਪੈਦਾ ਕੀਤੇ, ਅਤੇ ਫਿਰ ਉਹ ਨੂਹ ਦੀ ਧਰਤੀ ਤੇ ਆਏ।

195 ਉਹ ਹੁਸ਼ਿਆਰ, ਪੜ੍ਹੇ ਲਿਖੇ, ਬੁੱਧੀਮਾਨ ਲੋਕ ਸਨ। ਕੀ ਇਹ ਸਹੀ ਹੈ? ਉਹ ਨਿਰਮਾਤਾ, ਖੋਜੀ, ਵਿਗਿਆਨੀ ਸਨ; ਧਰਮੀ ਦੇ ਬੀਜ ਰਾਹੀਂ ਨਹੀਂ, ਸਗੋਂ ਸ਼ੈਤਾਨ ਦੇ ਬੀਜ ਰਾਹੀਂ, ਜੋ ਸੱਪ ਸੀ। ਉਹ ਅਜਿਹੇ ਮਨੁੱਖ ਸਨ ਜਿਵੇਂ—ਜਿਵੇਂ ਵਿਗਿਆਨੀ, ਅਤੇ ਨਿਰਮਾਤਾ, ਅਤੇ ਮਹਾਨ ਮਨੁੱਖ, ਸਿੱਖਿਅਕ। ਵਚਨ ਇਸ ਤਰ੍ਹਾਂ ਕਹਿੰਦਾ ਹੈ। ਉਹ ਪਿੱਤਲ ਦਾ ਕੰਮ ਕਰਦੇ ਸਨ। ਉਹ ਲੋਹੇ ਦਾ ਕੰਮ ਕਰਦੇ ਸਨ। ਉਹ ਧਾਤਾਂ ਦਾ ਕੰਮ ਕਰਦੇ ਸਨ। ਉਨ੍ਹਾਂ ਚੀਜ਼ਾਂ ਦੀ ਕਾਢ ਕੱਢੀ। ਉਨ੍ਹਾਂ ਨੇ ਵੱਖੋ ਵੱਖਰੀਆਂ ਧਾਤਾਂ ਨੂੰ ਮਿਲਾਇਆ, ਅਤੇ ਘਰ ਬਣਾਏ, ਅਤੇ ਹੋਰ ਬਹੁਤ ਕੁਝ। ਵਚਨ ਅਜਿਹਾ ਕਹਿੰਦਾ ਹੈ। ਅਤੇ ਉਹ ਔਰਤ ਦੀ ਸੰਤਾਨ ਦਾ ਮਜਾਕ ਉਡਾਉਂਦੇ ਸਨ, ਨੂਹ, ਜੋ ਧਰਮੀ ਸਨ। ਕੀ ਇਹ ਸਹੀ ਹੈ?

196 ਆਓ ਉਨ੍ਹਾਂ ਦੇ ਪਿੱਛੇ ਥੋੜਾ ਹੋਰ ਦੂਰ ਜਾਂਦੇ ਹਾਂ। ਫਿਰ, ਅਸੀਂ ਉਨ੍ਹਾਂ ਨੂੰ ਕਿਸ਼ਤੀ ਤੱਕ ਵੇਖਦੇ ਹਾਂ, ਸਭ ਕੁਝ ਤਬਾਹ ਹੋ ਗਿਆ ਸੀ। ਪਾਪ ਦੇ ਅਜਿਹੇ ਇੱਕ ਸਮੂਹ ਵਿੱਚ ਮਿਲੀ, ਅਤੇ ਉਹਨਾਂ ਨੇ ਨਿਯਮ ਲੈ ਲਏ, ਅਤੇ ਚੁਸਤ ਅਤੇ ਬੁੱਧੀਮਾਨ। ਜਦੋਂ ਤੱਕ, ਪਰਮੇਸ਼ੁਰ ਨੇ ਹੇਠਾਂ ਦੇਖਿਆ, ਉੱਥੇ ਬਹੁਤ ਸਾਰੇ ਨਹੀਂ ਬਚੇ ਸਨ, ਇਸ ਲਈ ਉਸਨੇ ਬਸ ਨੂਹ ਅਤੇ ਉਸਦੇ ਪਰਿਵਾਰ ਨੂੰ ਕਿਸ਼ਤੀ ਵਿੱਚ ਲਿਆ, ਅਤੇ ਪਾਣੀ ਦੀ ਬਾਰਿਸ਼ ਕੀਤੀ ਅਤੇ ਸਾਰੀ ਚੀਜ਼ ਨੂੰ ਨਾਸ਼ ਕਰ ਦਿੱਤਾ। ਹਨੋਕ ਨੂੰ ਉਠਾ ਲਿਆ, ਪਹਿਲਾਂ ਹੀ। ਇਹ ਸਹੀ ਹੈ? ਉੱਥੇ ਸਾਰੇ ਬੀਜ ਸਨ, ਲਗਭਗ ਸਾਰੇ ਬੀਜ; ਪਰ ਉਸਦਾ ਮਕਸਦ ਪੂਰਾ ਹੋਣਾ ਚਾਹੀਦਾ ਹੈ।

197 ਹੁਣ, ਨੂਹ ਅਤੇ ਉਸਦੇ ਪੁੱਤਰ, ਜੋ ਬਾਹਰ ਆਏ, ਹਾਮ, ਸ਼ੇਮ ਅਤੇ ਯਾਫੇਥ, ਧਰਮੀ ਦੇ ਵੰਸ਼ ਵਿੱਚੋਂ ਆਉਂਦੇ ਹਨ।

198 ਬੀਜ ਕਿਵੇਂ ਖਤਮ ਹੋਇਆ? ਬੀਜ ਕਿਸ਼ਤੀ ਵਿੱਚ ਆਉਂਦਾ ਹੈ, ਜਿਵੇਂ ਇਸ ਨੇ ਸ਼ੁਰੂਆਤ ਵਿੱਚ, ਔਰਤ ਦੁਆਰਾ, ਉਹਨਾਂ ਦੀਆਂ ਪਤਨੀਆਂ ਦੁਆਰਾ ਕੀਤਾ। ਉਨ੍ਹਾਂ ਸ਼ੈਤਾਨ ਦੇ ਬੀਜ ਨੂੰ, ਕਿਸ਼ਤੀ ਵਿੱਚ ਲੈ ਗਏ, ਜਿਵੇਂ ਕਿ ਹੱਵਾਹ ਨੇ ਸ਼ੈਤਾਨ ਦੇ ਬੀਜ ਨੂੰ ਲਿਆ, ਕਾਇਨ ਨੂੰ ਜਨਮ ਦੇਣ ਲਈ, ਔਰਤ ਦੁਆਰਾ।

199 ਤੁਸੀਂ ਉਨ੍ਹਾਂ ਨੂੰ ਔਰਤਾਂ ਨੂੰ ਪ੍ਰਚਾਰਕਾਂ ਦੀ ਥਾਂ ਆਪਣੇ ਮੰਚ ਉੱਤੇ ਰੱਖਦੇ ਹੋ, ਬਾਈਬਲ ਇਸਦੀ ਨਿੰਦਾ ਕਰਦੀ ਹੈ! ਪੌਲੁਸ ਨੇ ਕਿਹਾ, "ਜੇ ਕੋਈ ਮਨੁੱਖ ਆਪਣੇ ਆਪ ਨੂੰ ਨਬੀ, ਜਾਂ ਆਤਮਿਕ ਸਮਝਦਾ ਹੈ, ਉਸਨੂੰ ਮੰਨਣਾ ਚਾਹੀਦਾ ਹੈ ਕਿ ਜੋ ਮੈਂ ਲਿਖ ਰਿਹਾ ਹਾਂ ਉਹ ਪ੍ਰਭੂ ਦੇ ਹੁਕਮ ਹਨ; ਪਰ ਜੇ ਉਹ ਅਗਿਆਨੀ ਹੈ, ਤਾਂ ਉਸਨੂੰ ਅਗਿਆਨੀ ਹੀ ਰਹਿਣ ਦਿਓ।"

200 ਇਸ ਲਈ ਮੈਂ ਇੱਥੇ ਬੈਪਟਿਸਟ ਕਲੀਸਿਯਾ ਵਿੱਚੋਂ ਬਾਹਰ ਆ ਗਿਆ। ਕੁਝ ਸਮਾਂ ਪਹਿਲਾਂ ਭਾਈ ਫਲੀਮੈਨ ਇੱਥੇ ਸਨ; ਮੈਨੂੰ ਲੱਗਦਾ ਹੈ ਕਿ ਉਹ ਉਸ ਰਾਤ ਉੱਥੇ ਸੀ। ਡਾ. ਡੇਵਿਸ ਨੇ ਕਿਹਾ, "ਤੁਸੀਂ ਇੱਥੇ ਖੜੇ ਹੋਵੋਗੇ ਅਤੇ ਇਹਨਾਂ ਔਰਤਾਂ ਨੂੰ ਪ੍ਰਚਾਰਕ ਨਿਯੁਕਤ ਕਰੋਗੇ।"

ਮੈਂ ਕਿਹਾ, "ਮੈਂ ਇਹ ਨਹੀਂ ਕਰਾਂਗਾ। ਨਹੀਂ, ਸੱਚਮੁੱਚ।"

ਉਸਨੇ ਕਿਹਾ, "ਅੱਛਾ, ਮੈਂ ਤੁਹਾਨੂੰ ਬਾਹਰ ਕੱਢ ਦਿਆਂਗਾ।"

201 ਮੈਂ ਕਿਹਾ, "ਬਿਹਤਰ ਹੋਵੇਗਾ ਜੇ ਮੈਨੂੰ ਬਾਹਰ ਕੱਢ ਦਿੱਤਾ ਜਾਵੇ।" ਮੈਂ ਕਿਹਾ, "ਇਹ ਪਰਮੇਸ਼ੁਰ ਦਾ ਵਚਨ ਹੈ, ਅਤੇ ਇਹ ਇਸ ਚੀਜ਼ ਦੀ ਨਿੰਦਾ ਕਰਦਾ ਹੈ। ਅਤੇ ਮੈਂ ਉਸ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਜਿਸ ਦੀ ਪਰਮੇਸ਼ੁਰ ਨਿੰਦਾ ਕਰਦਾ ਹੈ।" ਨਹੀਂ, ਸ਼੍ਰੀ ਮਾਨ।

202 ਜੋ ਵੀ ਅਜਿਹਾ ਕਰਦਾ ਹੈ, ਉਹ ਦਿਖਾ ਰਿਹਾ ਹੈ ਕਿ ਉਹ ਝੂਠੇ ਸਿਖਿਅਕ, ਝੂਠੇ ਨਬੀ ਹਨ। ਬਾਈਬਲ ਨੇ ਕਿਹਾ ਕਿ ਉਹ ਹੋਣਗੇ। "ਜੇ ਹੋ ਸਕੇ ਤਾਂ ਚੁਣੇ ਹੋਏ ਲੋਕਾਂ ਨੂੰ ਵੀ ਭਰਮ ਲੈਣਗੇ।" ਇੱਥੇ ਹੋ ਤੁਸੀਂ।

203 ਹੁਣ ਇਸ ਵੱਲ ਧਿਆਨ ਦਿਓ। ਅਤੇ ਉੱਥੋਂ, ਫਿਰ, ਹਾਮ ਆਇਆ, ਹਾਮ ਆਪਣੀ ਪਤਨੀ ਨਾਲ, ਅਤੇ ਉਨ੍ਹਾਂ ਨਾਲ। ਉਸ ਨੂੰ ਇੱਕ ਸਰਾਪ ਦਿੱਤਾ ਗਿਆ ਸੀ। ਹਾਮ ਤੋਂ ਨਿਮਰੋਦ ਆਇਆ, ਜਿਸ ਨੇ ਬਾਬਲ ਨੂੰ ਬਣਾਇਆ। ਬਾਬਲ ਤੋਂ ਕੈਥੋਲਿਕ ਕਲੀਸਿਯਾ ਆਈ, ਇਸ ਦੀ ਸ਼ੁਰੂਆਤ ਉੱਥੋਂ ਹੋਈ। ਅਹਾਬ ਰਾਹੀਂ ਹੇਠਾਂ ਆਈ। ਅਹਾਬ ਤੋਂ ਹੇਠਾਂ ਆਈ, ਯਹੂਦਾ ਇਸਕਰਿਯੋਤੀ ਵਿੱਚ; ਇਸ ਨੂੰ ਲਪੇਟ ਲਿਆ, ਮਸੀਹ ਵਿਰੋਧੀ।

204 ਅਤੇ ਇਸ ਅੰਤਲੇ ਦਿਨਾਂ ਵਿੱਚ, ਇੱਥੇ ਮਸੀਹ ਵਿਰੋਧੀ ਦੀ ਆਤਮਾ ਅਤੇ ਮਸੀਹ ਦੀ ਆਤਮਾ ਹੈ। ਮਸੀਹ ਵਿਰੋਧੀ ਦੀ ਆਤਮਾ, ਇਹ ਕਹਿੰਦਾ ਹੈ, "ਅਚਰਜ ਕੰਮਾਂ ਦੇ ਦਿਨ ਬੀਤ ਚੁੱਕੇ ਹਨ।" ਮਸੀਹ ਦਾ ਆਤਮਾ, ਕਹਿੰਦਾ ਹੈ, "ਉਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ ਹੈ।" ਮਸੀਹ ਵਿਰੋਧੀ ਦੀ ਆਤਮਾ ਕਹਿੰਦੀ ਹੈ, "ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਜੇ ਤੁਸੀਂ 'ਪਿਤਾ, ਪੁੱਤਰ, ਪਵਿੱਤਰ ਆਤਮਾ' ਵਿੱਚ ਬਪਤਿਸਮਾ ਲਿਆ ਹੈ, ਡੋਲ੍ਹਿਆ, ਛਿੜਕਿਆ, ਜੋ ਵੀ ਹੈ, ਇਸਦਾ ਅਰਥ ਉਹੀ ਹੈ।" ਬਾਈਬਲ ਵਿਚ ਕਿਹਾ

ਗਿਆ ਹੈ ਕਿ ਪਰਮੇਸ਼ੁਰ ਅਟੱਲ ਹੈ, ਅਤੇ ਉਹ ਬਦਲ ਨਹੀਂ ਸਕਦਾ। ਤੁਸੀਂ ਕਿਸ ਦੀ ਸੇਵਾ ਕਰੋਗੇ? ਇਹ ਤੁਹਾਡੇ ਤੇ ਨਿਰਭਰ ਕਰਦਾ ਹੈ।

205 ਹੁਣ ਤੁਸੀਂ ਕਹਿੰਦੇ ਹੋ, "ਕੀ ਉਹ ਇਕੱਠੇ ਰਹਿ ਸਕਦੇ ਹਨ? ਤੁਸੀਂ ਕਿਹਾ ਸੀ, ਕਿ, ਉਸ ਕਿਸ਼ਤੀ ਵਿੱਚ, ਭਾਈ ਬ੍ਰਨਹਾਮ, ਤੁਹਾਡੇ ਕੋਲ ਹਾਂ ਅਤੇ ਸੇਥ ਦੋਵੇਂ ਉਸ ਵਿੱਚ ਸਨ। ਇਹ ਸਹੀ ਹੈ, ਬਿਲਕੁਲ ਸਹੀ। ਹਾਮ ਦੁਸ਼ਟ ਸੀ। ਸੇਤ ਧਾਰਮਿਕ ਅਤੇ ਧਰਮੀ ਸੀ। ਠੀਕ ਹੈ।

206 ਆਉ ਹਾਮ ਪਿੱਛੇ ਜਾਂਦੇ ਹਾਂ। ਠੀਕ ਹੈ, ਹੁਣ, ਇੱਕੋ ਕਿਸ਼ਤੀ ਵਿੱਚ ਹਾਮ ਅਤੇ ਸੇਤ ਹਨ; ਇੱਕ ਧਰਮੀ, ਅਤੇ ਦੂਜਾ ਕੁਧਰਮੀ। ਇੱਕੋ ਕਿਸ਼ਤੀ ਵਿੱਚ ਇੱਕ ਕਾਂ ਅਤੇ ਇੱਕ ਘੁੱਗੀ ਸਨ। ਇੱਕੋ ਕਲੀਸਿਯਾ ਵਿੱਚ ਯਹੂਦਾ ਅਤੇ ਯਿਸੂ ਸਨ। ਇੱਕੋ ਕਲੀਸਿਯਾ ਵਿੱਚ ਮਸੀਹ ਵਿਰੋਧੀ ਅਤੇ ਪਵਿੱਤਰ ਆਤਮਾ ਸਨ।

207 ਅਤੇ, ਅੱਜ, ਉਹੀ ਆਤਮਾਵਾਂ ਕੰਮ ਕਰਦੀਆਂ ਹਨ। "ਭਗਤੀ ਦਾ ਇੱਕ ਰੂਪ ਧਾਰ ਕੇ, ਬਹੁਤ ਧਾਰਮਿਕ, ਪਰ ਇੱਕ ਭਗਤਿ ਦਾ ਰੂਪ ਧਾਰ ਕੇ ਅਤੇ ਉਸ ਦੀ ਸ਼ਕਤੀ ਤੋਂ ਇਨਕਾਰ ਕਰਦੇ ਹਨ; ਅਜਿਹਿਆਂ ਤੋਂ ਪਰੇ ਰਹੋ।" ਪਵਿੱਤਰ ਆਤਮਾ, ਦਾਅਵਾ ਕਰਦਾ ਹੈ, "ਯਿਸੂ ਮਸੀਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ ਹੈ।" ਤੁਸੀਂ ਕਿਹੜਾ ਪੱਖ ਚੁਣੋਗੇ?

208 ਮਸੀਹ ਵਿਰੋਧੀ ਕਹਿੰਦਾ ਹੈ ਕਿ *ਇਹ* ਸਿਰਫ਼ ਪੰਥ ਦੀ ਕਿਤਾਬ ਹੈ। "ਅਸੀਂ ਰਸੂਲਾਂ ਦੇ ਪੰਥ ਨੂੰ ਦੁਹਰਾਵਾਂਗੇ।" ਮੈਂ ਕਿਸੇ ਵੀ ਪ੍ਰਚਾਰਕ ਨੂੰ ਇਹ ਦੱਸਣ ਲਈ ਚੁਣੌਤੀ ਦਿੰਦਾ ਹਾਂ ਕਿ ਮੈਨੂੰ ਦੱਸੇ ਕਿ ਬਾਈਬਲ ਵਿਚ ਰਸੂਲਾਂ ਦਾ ਧਰਮ ਕਿੱਥੇ ਪਾਇਆ ਜਾਂਦਾ ਹੈ: "ਮੈਂ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਦਾ ਹਾਂ, ਸਰਬਸ਼ਕਤੀਮਾਨ ਪਿਤਾ, ਆਕਾਸ਼ ਅਤੇ ਧਰਤੀ ਦਾ ਸਿਰਜਣਹਾਰ; ਯਿਸੂ ਮਸੀਹ, ਉਸਦਾ ਪੁੱਤਰ। ਮੈਂ ਪਵਿੱਤਰ ਰੋਮਨ ਕੈਥੋਲਿਕ ਕਲੀਸਿਯਾ ਵਿੱਚ ਵਿਸ਼ਵਾਸ ਕਰਦਾ ਹਾਂ, ਸੰਤਾਂ ਦੇ ਪ੍ਰਭੂ ਭੋਜ ਵਿੱਚ।" ਤੁਹਾਨੂੰ ਬਾਈਬਲ ਵਿਚ ਇਹ ਕਿੱਥੇ ਮਿਲਦਾ ਹੈ? ਅਤੇ ਫਿਰ ਵੀ ਤੁਸੀਂ ਇਸਨੂੰ ਆਪਣੇ ਵੱਡੇ ਮੈਥੋਡਿਸਟ ਅਤੇ ਬੈਪਟਿਸਟ ਗਿਰਜਿਆਂ ਵਿੱਚ ਦੁਹਰਾਓਗੇ। ਇਹ ਦੁਸ਼ਟ ਦਾ ਸਿਧਾਂਤ ਹੈ, ਅਤੇ ਝੂਠੇ ਨਬੀ ਇਸ ਨੂੰ ਸਿਖਾ ਰਹੇ ਹਨ।

209 ਅਤੇ ਮੈਂ ਉਮੀਦ ਕਰਦਾ ਹਾਂ ਕਿ ਮੈਂ ਤੁਹਾਡੀ ਭਾਵਨਾ ਨੂੰ ਠੇਸ ਨਹੀਂ ਪਹੁੰਚਾਵਾਂਗਾ, ਪਰ ਮੈਂ ਇਸਨੂੰ ਇਸ ਡੇਰੇ ਵਿੱਚ ਠੋਕ ਰਿਹਾ ਹਾਂ। ਤੁਸੀਂ ਇੱਥੇ ਬ੍ਰਨਹਾਮ ਟੇਬਰਨੇਕਲ ਵਿੱਚ, ਅਜਿਹੀਆਂ ਚੀਜ਼ਾਂ ਤੋਂ ਪਰਹੇਜ਼ ਕਰੋ। ਜੋ ਕੋਈ ਵੀ ਸੰਤਾਂ ਦੀ ਸੰਗਤ ਵਿੱਚ ਵਿਸ਼ਵਾਸ ਰੱਖਦਾ ਹੈ ਉਹ ਅਧਿਆਤਮਵਾਦ ਹੈ। "ਪਰਮੇਸ਼ੁਰ ਅਤੇ ਮਨੁੱਖਾਂ ਵਿਚਕਾਰ ਇੱਕ ਵਿਚੋਲਾ ਹੈ, ਅਤੇ ਉਹ ਮਨੁੱਖ ਯਿਸੂ ਮਸੀਹ ਹੈ।" ਪਰਵਾਹ ਨਾ ਕਰੋ ਕਿ ਕਿੰਨੀਆਂ ਮਰਿਯਮਾਂ ਹਨ!

210 ਦੇਖੋ ਉਸ ਔਰਤ ਦੇ ਬੀਜ ਨੇ ਉੱਥੇ ਕਿਵੇਂ ਕੀਤਾ? ਵੇਖੋ ਔਰਤ ਦਾ ਬੀਜ ਉੱਥੇ ਕਿਵੇਂ ਪਹੁੰਚਿਆ?

211 ਅੱਜ ਦੇਖੋ, ਅਮਰੀਕਾ ਵਿੱਚ। ਅਮਰੀਕਾ ਸ਼ੈਤਾਨ ਦਾ ਬੀਜ ਹੈ। ਇਹ ਕੀ ਹੈ? ਉਹ ਔਰਤ ਦੀ ਕੌਮ ਹੈ। ਤੁਸੀਂ ਸੁਣਿਆ ਹੈ, “ਇਹ ਇੱਕ ਔਰਤ ਦੀ ਦੁਨੀਆਂ ਹੈ।” ਇਹ ਠੀਕ ਹੈ। ਇਹ ਔਰਤ ਦੀ ਕੌਮ ਹੈ। ਉਹਨਾਂ ਨਮੂਨਾ ਬਣਾ ਦਿੱਤਾ ਹੈ।

212 ਮੈਂ ਸਵਿਟਜ਼ਰਲੈਂਡ ਵਿੱਚ, ਬਹੁਤ ਸਮਾਂ ਪਹਿਲਾਂ, ਗਿਆ ਸੀ। ਔਰਤਾਂ ਕਹਿ ਰਹੀਆਂ ਸਨ…ਇੱਕ ਛੋਟੀ, ਪਵਿੱਤਰ ਆਤਮਾ ਵਾਲੀ ਔਰਤ ਨੇ ਕਿਹਾ, “ਤੁਸੀਂ ਜਾਣਦੇ ਹੋ, ਜੇ ਮੈਂ ਅਮਰੀਕਾ ਵਿੱਚ ਜਾਵਾਂ, ਤਾਂ ਉਹ ਕਹਿੰਦੇ ਹਨ ਕਿ ਔਰਤਾਂ ਕੋਲ ਆਜ਼ਾਦੀ ਹੈ।”

213 ਮੈਂ ਕਿਹਾ, “ਮੈਂ ਤੁਹਾਨੂੰ ਦੱਸਦਾ ਹਾਂ ਕਿ ਇਹ ਕਿਸ ਵੱਲ ਲੈ ਜਾਂਦੀ ਹੈ।” ਅਤੇ ਮੈਂ ਉਸਨੂੰ ਦੱਸਣਾ ਸ਼ੁਰੂ ਕੀਤਾ।

ਉਸਨੇ ਕਿਹਾ, “ਔਹ, ਰਹਿਮ, ਮੈਨੂੰ ਇਸ ਵਿੱਚੋਂ ਕੁਝ ਨਹੀਂ ਚਾਹੀਦਾ।”

ਮੈਂ ਕਿਹਾ, “ਇਹ ਉਹ ਥਾਂ ਹੈ ਜਿੱਥੇ ਇਹ ਜਾਂਦਾ ਹੈ।”

ਤੁਸੀਂ ਜਾਣਦੇ ਹੋ, ਉਹ ਉੱਥੇ ਇਸ ਤਰ੍ਹਾਂ ਨਹੀਂ ਕਰਦੇ ਜਿਵੇਂ ਉਹ ਇੱਥੇ ਕਰਦੇ ਹਨ।

214 ਇਹ ਕੀ ਹੈ? ਮੈਂ ਤੁਹਾਨੂੰ ਦੱਸ ਦਵਾਂ ਕਿ ਅਮਰੀਕਾ ਇੱਕ ਔਰਤ ਹੈ। ਸਾਡੇ ਸਿੱਕੇ ਤੇ ਇੱਕ ਔਰਤ ਦੀ ਤਸਵੀਰ ਹੈ। ਇੱਥੇ ਸਭ ਕੁਝ ਇੱਕ ਔਰਤ ਹੈ।

215 ਮੈਨੂੰ ਦੱਸੋ, ਦੇਸ਼ ਵਿੱਚ ਅਵੈਧ ਸ਼ਰਾਬ ਦੇ ਧੰਦੇ ਲਈ ਐਨੇ ਅੱਡੇ ਨਹੀਂ ਹਨ, ਹੋਣਗੇ…ਤੁਸੀਂ ਇਸ ਸ਼ਹਿਰ ਵਿੱਚ ਚਾਲੀ ਅਵੈਧ ਸ਼ਰਾਬ ਦੇ ਧੰਦੇ ਲਈ ਅੱਡੇ ਬਣਾ ਲਓ, ਅਤੇ ਉੱਥੇ ਤਿੰਨ ਵੇਸ਼ਵਾਵਾਂ ਰੱਖੋ, ਜੋ ਚੰਗੀਆਂ ਦਿੱਖਣ ਵਾਲੀਆਂ ਔਰਤਾਂ ਜੋ ਗਲੀ ਵਿੱਚ ਲਕ ਮਟਕਾ ਕੇ ਚਲਦੀਆਂ ਹਨ; ਉਨ੍ਹਾਂ ਦੀ ਇੱਛਾ ਰੱਖਦੇ ਹੋਏ, ਉਹ ਨਰਕ ਵਿੱਚ ਜਿਆਦਾ ਰੂਹਾਂ ਨੂੰ ਭੇਜ ਦੇਣਗੀਆਂ, ਉਨ੍ਹਾਂ ਅਵੈਧ ਸ਼ਰਾਬ ਦੇ ਅੱਡਿਆਂ ਨਾਲੋਂ ਜਿਨੇ ਤੁਸੀਂ ਸ਼ਹਿਰ ਵਿੱਚ ਪਾ ਸਕਦੇ ਹੋ। ਇਹ ਬਿਲਕੁਲ ਸਹੀ ਹੈ।

216 ਫਿਰ ਇਹ ਕੌਣ ਹੈ? ਇਹ ਔਰਤ ਹੈ। ਉਹ ਕੀ ਹੈ? ਉਹ ਅਮਰੀਕਾ ਦੀ ਦੇਵੀ ਹੈ।

217 ਇਹਨਾਂ ਪੁਰਾਣੇ ਫਿਲਮੀ ਕਲਾਕਾਰਾਂ ਵਿੱਚੋਂ ਕੁਝ ਨੂੰ ਲਓ; ਉਹ ਇੱਥੇ ਉੱਠਦੇ ਹਨ ਅਤੇ ਚਾਰ ਜਾਂ ਪੰਜ ਵਾਰ ਵਿਆਹ ਕਰਦੇ ਹਨ, ਇੱਕੋ ਸਮੇਂ ਤਿੰਨ ਜਾਂ ਚਾਰ ਵੱਖ-ਵੱਖ ਪਤੀਆਂ ਨਾਲ ਰਹਿੰਦੀਆਂ ਹਨ; ਅਤੇ ਇਹਨਾਂ ਵਿੱਚੋਂ ਕੁਝ

ਰਸਾਲੇ ਉਹਨਾਂ ਨੂੰ ਨੰਗਾ ਕਰ ਰਹੇ ਹਨ ਅਤੇ ਉਹਨਾਂ ਨੂੰ ਦੱਸਦੇ ਹਨ, ਉਹਨਾਂ ਦੀਆਂ ਨੰਗੀਆਂ ਤਸਵੀਰਾਂ ਲੈ ਰਹੇ ਹਨ। ਅਤੇ ਤੁਸੀਂ ਛੋਟੀਆਂ ਕੁੜੀਆਂ ਨੇ ਇਸ ਨੂੰ ਆਪਣੀ ਮਿਸਾਲ ਬਣਾ ਲਿਆ ਹੈ, (ਕਿਉਂ?) ਕਿਉਂਕਿ ਤੁਹਾਡੀ ਮਾਂ ਤੁਹਾਡੇ ਤੋਂ ਪਹਿਲਾਂ, ਸ਼ਾਇਦ, ਤੁਹਾਡੀ ਦਾਦੀ ਤੁਹਾਡੇ ਤੋਂ ਪਹਿਲਾਂ। ਤੁਸੀਂ ਵੇਖ ਰਹੇ ਹੋ ਕਿ ਉਹ ਸੱਪ ਦਾ ਬੀਜ ਕਿੱਥੇ ਅਤੇ ਕਿਸ ਵਿੱਚ ਕੰਮ ਕਰਦਾ ਹੈ? ਯਕੀਨਨ, ਇਹ ਹੈ।

218 ਅਤੇ ਇਸ ਨੇ ਕੀ ਕੀਤਾ ਹੈ? ਜੇ ਅਧਰਮ ਦਾ ਬਦਲਾ ਚੌਦਾਂ ਪੀੜ੍ਹੀਆਂ ਤੱਕ ਲਿਆ ਜਾਣਾ ਹੈ, ਸ਼ਰਾ ਦੇ ਅਨੁਸਾਰ, ਤਾਂ ਅੱਜ ਦੇ ਦਿਨਾਂ ਵਿੱਚ ਅਧਰਮ ਕੀ ਹੋਵੇਗਾ ਜੇ ਇਸ ਦਾ ਬਦਲਾ ਲਿਆ ਜਾਵੇ, ਜੱਦ ਧਰਮ ਦਾ ਬੀਜ ਖਤਮ ਹੋਣ ਵਾਲਾ ਹੈ? ਅਤੇ ਪਰਮੇਸ਼ੁਰ ਨੇ ਕਿਹਾ ਕਿ ਇੱਕ ਸਮਾਂ ਆਵੇਗਾ, ਜੇ ਉਸ ਨੇ ਕੰਮ ਨੂੰ ਘੱਟਾਇਆ ਨਾ ਹੁੰਦਾ, ਤਾਂ ਇਸ ਵਿੱਚੋਂ ਕੁਝ ਵੀ ਨਾ ਬੱਚਦਾ। ਅਸੀਂ ਅੰਤ ਦੇ ਸਮੇਂ ਤੇ ਹਾਂ। ਅੱਜ ਰਾਤ ਧਰਮੀ ਦੀ ਭਾਲ ਕਰੋ; ਸ਼ਹਿਰਾਂ ਵਿੱਚੋਂ ਦੀ ਲੰਘੋ!

219 ਔਹ, ਤੁਸੀਂ ਕਲੀਸਿਯਾ ਦੇ ਮੈਂਬਰਾਂ ਨੂੰ ਬੈਪਟਿਸਟਾਂ ਅਤੇ ਪ੍ਰੈਸਬੀਟੇਰੀਅਨਾਂ ਦੇ ਪ੍ਰਤੀ ਵਫ਼ਾਦਾਰ ਪਾਉਂਦੇ ਹੋ, ਅਤੇ ਇਸ ਤਰ੍ਹਾਂ, ਜਿਵੇਂ ਇਹ ਹੋ ਸਕਦਾ ਹੈ। ਪਰ ਉਹਨਾਂ ਦਾ ਪਰਮੇਸ਼ੁਰ ਨਾਲ ਹੋਰ ਕੋਈ ਲੈਣਾ ਦੇਣਾ ਨਹੀਂ ਹੈ ਜਿੰਨਾ ਕਿ ਇੱਕ ਖਰਗੋਸ਼ ਨੂੰ ਬਰਫ਼ ਦੀ ਜੁੱਤੀ ਪਾਉਣੀ ਪੈਂਦੀ ਹੈ। ਇਸ ਬਾਰੇ ਕੁਝ ਨਹੀਂ ਪਤਾ! ਉਹ ਸਭ ਜੋ ਉਹ ਜਾਣਦੇ ਹਨ: "ਕੀ ਤੁਸੀਂ ਇੱਕ ਮਸੀਹੀ ਹੋ?"

"ਮੈਂ ਇੱਕ ਕੈਥੋਲਿਕ ਹਾਂ।"

"ਕੀ ਤੁਸੀਂ ਮਸੀਹੀ ਹੋ?"

"ਮੈਂ ਇੱਕ ਬੈਪਟਿਸਟ ਹਾਂ।"

"ਕੀ ਤੁਸੀਂ ਮਸੀਹੀ ਹੋ?"

"ਮੈਂ ਪ੍ਰੈਸਬੀਟੇਰੀਅਨ ਹਾਂ।"

"ਕੀ ਤੁਸੀਂ ਮਸੀਹੀ ਹੋ?"

"ਮੈਂ ਪੇਂਟੇਕੋਸਟਲ ਹਾਂ।" ਇਸ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

220 ਤੁਸੀਂ ਇੱਕ ਮਸੀਹੀ ਹੋ ਕਿਉਂਕਿ ਪਰਮੇਸ਼ੁਰ, ਉਸਦੀ ਕਿਰਪਾ ਨਾਲ, ਤੁਹਾਨੂੰ ਬਚਾਉਂਦਾ ਹੈ। ਅਤੇ ਤੁਸੀਂ ਇਸ ਬਾਰੇ ਜਾਣਦੇ ਹੋ। ਅਤੇ ਕਿਸੇ ਚੀਜ਼ ਨੇ ਤੁਹਾਡੀ ਜ਼ਿੰਦਗੀ ਨੂੰ ਬਦਲ ਦਿੱਤਾ ਹੈ, ਕਿ ਤੁਸੀਂ ਵੱਖਰੇ ਤਰੀਕੇ ਨਾਲ ਰਹਿੰਦੇ ਹੋ। ਅਤੇ ਤੁਸੀਂ ਮਸੀਹ ਯਿਸੂ ਵਿੱਚ ਇੱਕ ਨਵੇਂ ਵਿਅਕਤੀ ਅਤੇ ਸ੍ਰਿਸ਼ਟੀ ਹੋ। ਯਕੀਨਨ।

221 ਪਰ ਤੁਸੀਂ ਦੇਖਦੇ ਹੋ ਕਿ ਸੱਪ ਦਾ ਬੀਜ ਕਿੱਥੇ ਹੈ? ਸੱਪ ਦਾ ਬੀਜ ਕੀ ਸੀ? ਵਿਭਚਾਰ। ਤੁਸੀਂ ਸਮਝ ਰਹੇ ਹੋ? ਹੱਵਾ ਨਾਲ ਵਿਭਚਾਰ। ਉਸ ਨਾਲ ਕੀ ਹੋਇਆ? ਉਹ ਕੀ ਅੱਗੇ ਲੈ ਕੇ ਆਇਆ? ਅੱਜ ਰਾਤ ਕੀ ਹੈ?

222 ਪਿੱਛੇ ਮੁੜ ਕੇ ਦੇਖੋ, ਕੁਝ ਸਾਲ ਪਹਿਲਾਂ, ਜਦੋਂ ਪਹਿਲਾ ਗੀਤ ਆਇਆ ਸੀ। ਤੁਸੀਂ ਬਜ਼ੁਰਗ ਲੋਕੋ, ਜਦੋਂ...ਉਹ ਰੇਡੀਓ ਤੇ ਗਾਉਣ ਤੋਂ ਪਹਿਲਾਂ ਗੀਤਾਂ ਦਾ ਨਿਰੀਖਣ ਕਰਦੇ ਸਨ। ਅਤੇ ਸਭ ਤੋਂ ਪਹਿਲਾਂ ਜੋ ਬਾਹਰ ਆਇਆ, ਉਹ ਸੀ, "ਰੋਲ ਏਮ, ਗਰਲਜ਼, ਰੋਲ ਏਮ, ਆਪਣੇ ਸੁੰਦਰ ਗੋਡਿਆਂ ਨੂੰ ਦਿਖਾਉ," ਅਤੇ ਸਭ ਕੁਝ ਇਸ ਤਰ੍ਹਾਂ। "ਪਿਤਾ ਅਤੇ ਮਾਂ ਤੇ ਹੱਸੋ, ਅਤੇ ਉਨ੍ਹਾਂ ਸਾਰਿਆਂ ਨੂੰ 'ਹਾ-ਹਾ-ਹਾ' ਦਿਓ!" ਇਹ ਉਹ ਪਹਿਲਾ ਹੈ ਜਿਸ ਨੂੰ ਉਨ੍ਹਾਂ ਨੇ ਖਿਸਕਣ ਦਿੱਤਾ। ਤੁਹਾਨੂੰ ਕੀ ਲੱਗਦਾ ਹੈ ਕਿ ਅੱਜ ਰਾਤ ਉਹ ਵਿਅਕਤੀ ਕਿੱਥੇ ਹੈ ਜਿਸਨੇ ਗੀਤ ਲਿਖਿਆ ਹੈ? ਉਹ ਮਰ ਗਿਆ ਹੈ।

223 ਤੁਸੀਂ ਕਲਾਰਾ ਬੋ ਬਾਰੇ ਕੀ ਸੋਚਦੇ ਹੋ, ਜੋ ਸਭ ਤੋਂ ਪਹਿਲਾਂ ਬਾਹਰ ਆਈ ਅਤੇ ਕਿਹਾ, *ਡੇਂਜਰਸ ਕਰਵਜ਼*, ਅਤੇ ਉਹ ਨੰਗਾ ਨਾਚ ਜਿਸਨੇ ਹਜ਼ਾਰਾਂ ਰੂਹਾਂ ਨੂੰ ਨਰਕ ਵਿੱਚ ਭੇਜਿਆ? ਤੁਹਾਨੂੰ ਕੀ ਲੱਗਦਾ ਹੈ ਕਿ ਉਹ ਅੱਜ ਰਾਤ ਕਿੱਥੇ ਹੈ? ਉਹ ਲੰਬੇ ਸਮੇਂ ਤੋਂ ਮਰੀ ਹੋਈ ਹੈ। ਉਹ ਕਿੱਥੇ ਹੈ, ਉਸ ਦੇ ਉਸ ਸਰੀਰ ਨਾਲ? ਉੱਥੇ ਪਈ ਹੋਈ ਹੈ, ਧੂੜ ਵਿੱਚ ਸੜ ਚੁੱਕੀ ਹੈ, ਅਤੇ ਕੀੜੇ ਅਤੇ ਸੁੰਡੀਆਂ ਇਸ ਨੂੰ ਖਾ ਗਏ ਹਨ। ਅਤੇ ਉਸਦੀ ਆਤਮਾ ਇੱਕ ਨਿਆਂਈ ਪਰਮੇਸ਼ੁਰ ਦੇ ਅੱਗੇ ਪਈ ਹੈ।

224 ਉਹ ਆਦਮੀ ਕਿੱਥੇ ਹੈ ਜੋ ਉਸ ਔਰਤ ਨੂੰ ਲੈ ਗਿਆ ਅਤੇ ਉਹਨਾਂ ਲਈ ਪੁਰਾਣੇ ਗੰਦੇ ਕੱਪੜੇ ਬਣਾਏ ਜੋ ਉਹਨਾਂ ਨੇ ਪਹਿਨੇ ਸਨ, ਉਹਨਾਂ ਸਾਰਿਆਂ ਨੂੰ ਇੱਕ ਤਰੀਕੇ ਨਾਲ ਅਤੇ ਦੂਜੇ ਤਰੀਕੇ ਨਾਲ ਬਾਹਰ ਧੱਕਣ ਲਈ, ਅਤੇ ਉਹਨਾਂ ਨੂੰ ਬੇਢੰਗੇ ਬਣਾਉਣ ਲਈ? ਕਿਹਾ, "ਉਨ੍ਹਾਂ ਨੇ ਇਹ ਕਿਸ ਲਈ ਕੀਤਾ? ਤੁਸੀਂ ਇਸ ਤਰ੍ਹਾਂ ਦੀਆਂ ਚੀਜ਼ਾਂ ਕਿਉਂ ਪਹਿਨਦੇ ਹੋ?" ਕਿਉਂਕਿ ਤੁਸੀਂ ਚਾਹੁੰਦੇ ਹੋ ਕਿ ਆਦਮੀ ਤੁਹਾਡੇ ਵੱਲ ਵੇਖਣ, ਅਤੇ ਇਸ ਨੂੰ ਸਾਬਤ ਕਰਨ ਦਾ ਕੋਈ ਹੋਰ ਤਰੀਕਾ ਨਹੀਂ ਹੈ।

225 ਅਤੇ ਕੀ ਤੁਸੀਂ ਜਾਣਦੇ ਹੋ ਕਿ ਜਦੋਂ ਤੁਸੀਂ ਅਜਿਹਾ ਕਰਦੇ ਹੋ, ਅਤੇ ਕੋਈ ਪੁਰਾਣਾ ਪਾਪੀ ਤੁਹਾਡੇ ਵੱਲ ਦੇਖਦਾ ਹੈ, ਤਾਂ ਤੁਸੀਂ ਜਾਣਦੇ ਹੋ ਕਿ ਕੀ ਹੋਇਆ ਹੈ? ਨਿਆਂ ਦੇ ਸਥਾਨ ਤੇ...ਤੁਸੀਂ ਕਹਿੰਦੇ ਹੋ, "ਭਾਈ ਬ੍ਰਨਹਾਮ, ਮੈਂ ਆਪਣੇ ਪਤੀ ਲਈ ਉਨੀ ਹੀ ਸੱਚੀ ਸੀ ਜਿੰਨੀ ਮੈਂ ਹੋ ਸਕਦਾ ਸੀ।" ਤੁਹਾਨੂੰ ਵਿਭਚਾਰ ਕਰਨ ਲਈ ਦੋਸ਼ੀ ਗਿਣਿਆ ਜਾਵੇਗਾ। ਯਿਸੂ ਨੇ ਕਿਹਾ, "ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ

ਜ਼ਨਾਹ ਕਰ ਚੁੱਕਿਆ।" ਜਦ ਉਸ ਆਦਮੀ ਨੂੰ ਵਿਭਚਾਰ ਕਰਨ ਲਈ ਜਵਾਬ ਦੇਣਾ ਪੈਂਦਾ ਹੈ, ਤਾਂ ਉਸ ਨਾਲ ਕੀ ਹੋਵੇਗਾ ਜੋ ਇਸਦਾ ਕਾਰਨ ਸੀ? ਜਿਸ ਤਰ੍ਹਾਂ ਤੁਸੀਂ ਆਪਣੇ ਆਪ ਨੂੰ ਪਹਿਨਾਇਆ ਅਤੇ ਆਪਣੇ ਆਪ ਨੂੰ ਪੇਸ਼ ਕੀਤਾ।

226 ਹੁਣ, ਮੇਰਾ ਇਹ ਕਹਿਣ ਦਾ ਮਤਲਬ ਨਹੀਂ ਹੈ ਕਿ ਤੁਹਾਨੂੰ ਪੁਰਾਤਨਕਲਾ ਦੇ ਸੰਦੂਕ ਵਿੱਚੋਂ ਕੱਪੜੇ ਕੱਢ ਕੇ ਪਾਉਣੇ ਪੈਣਗੇ। ਪਰ, ਤੁਹਾਨੂੰ ਇੱਕ ਔਰਤ ਵਾਂਗ ਦਿਖਾਈ ਦੇਣਾ ਚਾਹੀਦਾ ਹੈ।

227 ਅਤੇ ਇੱਥੋਂ ਬਾਹਰ ਜਾ ਕੇ ਅਤੇ ਅਧਨੰਗੇ ਕੱਪੜੇ ਪਹਿਨੇ ਹੋਏ, ਅਤੇ ਇਸਦੇ ਦੁਆਲੇ ਇੱਕ ਛੋਟਾ ਜਿਹਾ ਰਿਬਨ *ਇਸ* ਤਰ੍ਹਾਂ ਬੰਨ੍ਹ ਕੇ, ਅਤੇ ਤੁਹਾਡੇ ਬਚੇ ਨਾਲ ਜਿਸ ਤਰ੍ਹਾਂ ਉਸ ਦੀਆਂ ਅੱਖਾਂ ਇੱਕ ਸਿਗਰਟ ਝਾੜਨ ਦੀ ਟ੍ਰੇ ਹੋਵੇ, ਤੁਹਾਡੇ ਮੂੰਹ ਵਿੱਚ ਇੱਕ ਸਿਗਰਟ ਲਾ ਕੇ, ਗਲੀ ਵਿੱਚ ਤੁਰਦੀਆਂ ਹੋ। ਤੁਸੀਂ ਕਿਸੇ ਚੰਗੇ ਮਕਸਦ ਲਈ ਅਜਿਹਾ ਨਹੀਂ ਕਰਦੀਆਂ। ਤੁਸੀਂ ਸ਼ਾਇਦ ਇਸ ਤੱਥ ਤੋਂ ਅਣਜਾਣ ਹੋਵੋ, ਪਰ ਸ਼ੈਤਾਨ ਤੁਹਾਨੂੰ ਇੱਕ ਹਥਿਆਰ ਵਾਂਗ ਵਰਤ ਰਿਹਾ ਹੈ ਜਿਵੇਂ ਉਸਨੇ ਹੱਵਾ ਨਾਲ ਕੀਤਾ ਸੀ।

228 ਇਹ ਔਰਤਾਂ ਦਾ ਦੇਸ਼ ਕਿਉਂ ਹੈ? ਕਿਉਂਕਿ ਇਹ ਕੈਥੋਲਿਕ ਧਰਮ ਦੇ ਦਬਦਬੇ ਵੱਲ ਲੈ ਜਾ ਰਿਹਾ ਹੈ। ਅੱਜ ਇਹ ਕੀ ਹੈ? ਤੁਸੀਂ ਉਨ੍ਹਾਂ ਨੂੰ ਕਦੇ ਵੀ ਯਿਸੂ ਦਾ ਜ਼ਿਕਰ ਕਰਦੇ ਨਹੀਂ ਸੁਣਿਆ। "ਮਰਿਯਮ ਦੀ ਜੈ! ਮਰਿਯਮ, ਪਰਮੇਸ਼ੁਰ ਦੀ ਮਾਂ! ਸੰਤ ਸੇਸੀਲੀਆ!" ਸਭ ਪ੍ਰਕਾਰ ਦੇ ਸੰਤ, ਮਰੇ ਹੋਏ ਸੰਤ। ਇੱਥੇ ਬਹੁਤ ਸਮਾਂ ਪਹਿਲਾਂ ਨਹੀਂ, ਹੇਠਾਂ...

229 ਮੈਂ ਪਿਛਲੇ ਸਾਲ, ਮੈਕਸੀਕੋ ਵਿੱਚ ਸੀ। ਇੱਕ ਗਰੀਬ ਔਰਤ ਘਿਸਰਦੀ ਹੋਈ ਆਈ। ਉਸ ਦੇ ਗੋਡੇ, ਸਾਰੇ ਇਸ ਤਰ੍ਹਾਂ ਛਿਲੇ ਗਏ ਸਨ, ਅਤੇ ਛੁਪੇ ਹੋਏ; ਕਿ ਉਹ ਆਪਣੇ ਹੱਥ ਫੜ ਕੇ, ਪੁਕਾਰ ਰਹੀ ਸੀ। ਅਤੇ ਉਸਦਾ ਪਿਤਾ, ਉਸ ਦੇ ਦੋ ਛੋਟੇ ਬੱਚਿਆਂ ਨੂੰ ਨਾਲ ਲੈ ਕੇ ਚੱਲ ਰਿਹਾ ਸੀ, ਉਹ ਆਪਣੀ ਮਾਂ ਦੀ ਇਹ ਹਾਲਤ ਦੇਖ ਕੇ ਰੋ ਰਹੇ ਸਨ; ਕਿਉਂਕਿ ਕੋਈ ਔਰਤ, ਜਿਸ ਨੂੰ ਉਹ ਸੰਤ ਕਹਿੰਦੇ ਹਨ, ਮਰ ਗਈ ਸੀ। ਉਨ੍ਹਾਂ ਨੇ ਉਸ ਦੀ ਮੂਰਤੀ ਉੱਥੇ ਪਹਾੜੀ ਉੱਤੇ ਰੱਖੀ ਹੋਈ ਸੀ। ਕਿਸੇ ਪ੍ਰੇਮੀ ਨੇ ਉਸ ਦਾ ਕਤਲ ਕਰ ਦਿੱਤਾ। ਅਤੇ ਜਿਵੇਂ ਹੀ ਉਹ ਇਸ ਤਰ੍ਹਾਂ ਮਾਰੀ ਜਾਂਦੀ ਹੈ, ਬੇਸ਼ਕ, ਉਹ ਇੱਕ ਸੰਤ ਹੈ; ਉਹ ਕੈਥੋਲਿਕ ਸੀ। ਇਸ ਲਈ ਫਿਰ ਉਹ ਜਾ ਰਹੀ ਸੀ, ਤੋਬਾ ਕਰਨ ਲਈ; ਅਤੇ ਉਸਨੂੰ ਤੋਬਾ ਕਰਨ ਲਈ, ਪੱਥਰਾਂ ਉੱਤੇ, ਦੋ ਮੀਲ ਘਿਸਰਣਾ ਪਿਆ।

230 ਭਾਈ, ਜੇ ਮੈਨੂੰ ਅਜਿਹੀ ਇੱਕ ਵੀ ਚੀਜ਼ ਕਰਨੀ ਪਵੇ, ਤਾਂ ਯਿਸੂ ਮਸੀਹ ਵਿਅਰਥ ਵਿੱਚ ਮਰਿਆ। ਕਿਰਪਾ ਨਾਲ, ਮੈਂ ਬਚਾਇਆ ਗਿਆ ਹਾਂ; ਅਤੇ

ਆਪਣੇ ਦੁਆਰਾ—ਦੁਆਰਾ ਨਹੀਂ, ਪਰ ਪਰਮੇਸ਼ੁਰ ਦੀ ਇੱਛਾ, ਅਤੇ ਪਰਮੇਸ਼ੁਰ ਦੀ ਭਲਿਆਈ ਦੁਆਰਾ।

231 ਉਨ੍ਹਾਂ ਪੱਤਰਕਾਰਾਂ ਨੇ ਮੈਨੂੰ ਪੁੱਛਿਆ, "ਸ਼੍ਰੀਮਾਨ ਬ੍ਰਨਹਾਮ..." ਛੋਟੇ, ਮਰੇ ਹੋਏ ਬੱਚੇ ਨੂੰ ਜ਼ਿੰਦਾ ਕੀਤਾ ਗਿਆ ਸੀ, ਅਤੇ ਉੱਥੇ ਕੁਝ ਚੀਜ਼ਾਂ। ਤੀਹ ਹਜ਼ਾਰ ਕੈਥੋਲਿਕ...ਨਹੀਂ, ਮੈਂ ਮਾਫੀ ਚਾਹੁੰਦਾ ਹਾਂ। ਵੀਹ ਹਜ਼ਾਰ ਸਨ। ਤੀਹ ਹਜ਼ਾਰ ਅਫ਼ਰੀਕਾ ਵਿੱਚ ਸਨ। ਵੀਹ ਹਜ਼ਾਰ ਕੈਥੋਲਿਕਾਂ ਨੇ ਮਸੀਹ ਨੂੰ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕੀਤਾ, ਇੱਕੋ ਸਮੇਂ ਤੇ, ਜਦੋਂ ਅਜਿਹਾ ਹੋਇਆ, ਮੈਕਸੀਕੋ ਸ਼ਹਿਰ ਵਿੱਚ ਖੜ੍ਹਾ ਸੀ। ਅਤੇ ਉਹ ਪੁਜਾਰੀ, ਉਹ ਕੁਝ ਨਹੀਂ ਕਹਿ ਸਕੇ; ਬਹੁਤ ਸਾਰੇ, ਇੱਕ ਦੰਗਾ ਸ਼ੁਰੂ ਕੀਤਾ। ਉਨ੍ਹਾਂ ਵਾਲੇ ਪਾਸੇ ਬਹੁਤ ਸਾਰੇ ਸਨ। ਤਾਂ ਉਸਨੇ ਕਿਹਾ, "ਸ਼੍ਰੀਮਾਨ ਬ੍ਰਨਹਾਮ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਸਾਡੇ ਸੰਤ ਉਹੀ ਕੰਮ ਕਰ ਸਕਦੇ ਹਨ ਜੋ ਤੁਸੀਂ ਕਰਦੇ ਹੋ?"

232 ਉਨ੍ਹਾਂ ਦੇ ਸਿਧਾਂਤ ਨੂੰ ਜਾਣਦਿਆਂ, ਮੈਂ ਕਿਹਾ, "ਯਕੀਨਨ, ਜੇ ਉਹ ਜੀਉਂਦੇ ਹੁੰਦੇ।" ਸਮਝੇ? ਇਸ ਲਈ, ਤੁਸੀਂ ਉਦੋਂ ਤੱਕ ਕੈਥੋਲਿਕ ਸੰਤ ਨਹੀਂ ਹੋ ਸਕਦੇ ਜਦੋਂ ਤੱਕ ਤੁਸੀਂ ਮਰ ਨਹੀਂ ਜਾਂਦੇ, ਤੁਸੀਂ ਜਾਣਦੇ ਹੋ।

ਤਾਂ ਉਸਨੇ ਕਿਹਾ, "ਔਹ, ਤੁਸੀਂ ਮਰਨ ਤੋਂ ਪਹਿਲਾਂ ਸੰਤ ਨਹੀਂ ਬਣ ਸਕਦੇ।"

233 ਮੈਂ ਕਿਹਾ, "ਤੁਸੀਂ ਇਹ ਕਿਥੋਂ ਪੜ੍ਹ ਲਿਆ? ਪੌਲੁਸ ਨੇ ਕਿਹਾ, 'ਉਨ੍ਹਾਂ ਸੰਤਾਂ ਨੂੰ ਜਿਹੜੇ ਅਫ਼ਸੁਸ ਵਿੱਚ ਹਨ,' ਅਤੇ ਉਨ੍ਹਾਂ ਨੂੰ ਜਿਹੜੇ ਪਰਮੇਸ਼ੁਰ ਵੱਲੋਂ ਸੱਦੇ ਗਏ ਹਨ। 'ਉਨ੍ਹਾਂ ਸੰਤਾਂ ਨੂੰ ਜਿਹੜੇ ਅਫ਼ਸੁਸ ਵਿੱਚ ਹਨ,' ਉਹ ਆਪਣੀ ਚਿੱਠੀ ਪੜ੍ਹ ਰਿਹਾ ਸੀ; ਅਤੇ ਸੰਤ ਹੋਰ ਥਾਵਾਂ ਤੇ ਵੀ ਹਨ, ਗਲਾਤੀਆਂ ਵਿੱਚ, ਅਤੇ—ਅਤੇ 'ਰੋਮ ਵਿੱਚਲੇ ਸੰਤ,' ਅਤੇ ਹੋਰ ਵੀ। *ਸੰਤ*, 'ਪਵਿੱਤਰ ਕੀਤੇ ਹੋਏ।' ਇਸ ਬਾਰੇ ਕੀ?"

234 ਉਸਨੇ ਕਿਹਾ, "ਬਿਲਕੁਲ, ਹੁਣ, ਸਾਨੂੰ ਬਾਈਬਲ ਬਾਰੇ ਬਹਿਸ ਨਹੀਂ ਕਰਨੀ ਚਾਹੀਦੀ। ਕਿਉਂਕਿ, ਅਸੀਂ ਕਲੀਸਿਯਾ ਹਾਂ, ਅਤੇ ਕਲੀਸਿਯਾ ਜੋ ਵੀ ਕਹਿੰਦੀ ਹੈ। ਸਾਨੂੰ ਪਰਵਾਹ ਨਹੀਂ ਹੈ ਕਿ ਬਾਈਬਲ ਕੀ ਕਹਿੰਦੀ ਹੈ। ਇਹ ਉਹੀ ਹੈ ਜੋ ਕਲੀਸਿਯਾ ਨੇ ਕਿਹਾ ਹੈ।" ਕਿਹਾ, "ਫਿਰ ਕੈਥੋਲਿਕ ਕਲੀਸਿਯਾ ਬਾਰੇ ਤੁਹਾਡੀ ਕੀ ਰਾਏ ਹੈ?"

235 ਮੈਂ ਕਿਹਾ, "ਕਾਸ਼ ਤੁਸੀਂ ਮੈਨੂੰ ਇਹ ਨਾ ਪੁੱਛਦੇ। ਕਿਉਂਕਿ ਤੁਸੀਂ ਮੈਨੂੰ ਪੁੱਛਿਆ, ਅਤੇ ਮੈਂ ਤੁਹਾਨੂੰ ਸੱਚ ਦੱਸਣ ਜਾ ਰਿਹਾ ਹਾਂ।"

ਕਿਹਾ, "ਠੀਕ ਹੈ, ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਸੱਚ ਦੱਸੋ।"

ਮੈਂ ਕਿਹਾ, "ਅਧਿਆਤਮਵਾਦ ਦਾ ਸਭ ਤੋਂ ਉੱਚਾ ਰੂਪ ਜੋ ਮੈਂ ਜਾਣਦਾ ਹਾਂ।"

ਉਸਨੇ ਕਿਹਾ, "ਤੁਸੀਂ ਇਹ ਕਿਵੇਂ ਪਤਾ ਲਗਾ?"

236 ਮੈਂ ਕਿਹਾ, "ਕੋਈ ਵੀ ਚੀਜ਼ ਜੋ ਮੁਰਦਿਆਂ ਨਾਲ ਵਿਚੋਲਗੀ ਕਰਦੀ ਹੈ ਉਹ ਅਧਿਆਤਮਵਾਦੀ ਹੈ।" ਮੈਂ ਕਿਹਾ, "ਜੇਕਰ ਉਹ ਸੰਤ ਬੋਲਦਾ ਹੈ, ਤਾਂ ਉਹ ਨਰਕ ਵਿੱਚ ਹੈ। ਕਿਉਂਕਿ, ਜਿਨ੍ਹਾਂ ਨੇ ਰਸਤਾ ਪਾਰ ਕਰ ਲਿਆ ਹੈ, ਮੇਰੀ—ਮੇਰੀ ਬਾਈਬਲ ਕਹਿੰਦੀ ਹੈ ਕਿ ਉਹ ਵਾਪਸ ਨਹੀਂ ਆ ਸਕਦੇ।" ਇਹ ਠੀਕ ਹੈ। ਅਤੇ ਮੈਂ ਕਿਹਾ, "ਜੇ ਇਹ ਹੈ, ਜੇ ਉਹ ਇੱਕ ਸੰਤ ਸੀ, ਤਾਂ ਇਹ ਸ਼ੈਤਾਨ ਇੱਕ ਸੰਤ ਵਾਂਗ ਗੱਲ ਕਰ ਰਿਹਾ ਹੈ, ਅਤੇ ਇਹ ਸੰਤ ਨਹੀਂ ਹੈ, ਆਖਿਰਕਾਰ।"

237 ਅਤੇ ਉਸਨੇ ਕਿਹਾ, "ਅੱਛਾ, ਹੁਣ, ਸਿਰਫ ਇੱਕ ਮਿੰਟ।" ਕਿਹਾ, "ਤੁਸੀਂ ਵੀ, ਮੁਰਦਿਆਂ ਅੱਗੇ ਸਿਫ਼ਾਰਿਸ਼ ਕਰਦੇ ਹੋ।"

ਮੈਂ ਕਿਹਾ, "ਕਿੱਥੇ?"

ਉਸ ਨੇ ਕਿਹਾ, "ਯਿਸੂ ਮਸੀਹ ਮਰ ਗਿਆ ਸੀ।"

238 ਮੈਂ ਕਿਹਾ, "ਪਰ ਉਹ ਫਿਰ ਜੀ ਉਠਿਆ। ਉਹ ਮਰਿਆ ਨਹੀਂ ਹੈ। ਪਰ ਉਹ ਜੀਉਂਦਾ ਹੈ, ਸਿਫ਼ਾਰਿਸ਼ ਕਰਨ ਲਈ, ਪਰਮੇਸ਼ੁਰ ਅਤੇ ਮਨੁੱਖਾਂ ਵਿਚਕਾਰ ਇਕਲੌਤਾ ਵਿਚੋਲਾ ਹੈ।"

239 "ਮੈਂ ਹਾਂ ਜੋ ਮੁਰਦਾ ਸਾਂ, ਅਤੇ ਫਿਰ ਜਿਉਂਦਾ ਹਾਂ, ਅਤੇ ਮੈਂ ਜੁੱਗੋ ਜੁੱਗ ਜੀਉਂਦਾ ਹਾਂ। ਅਤੇ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ।" "ਜੋ ਕੋਈ ਚਾਹੇ, ਉਹ ਆਵੇ ਅਤੇ ਅੰਮ੍ਰਿਤ ਜਲ ਮੁਖਤ ਪੀਵੇ।" ਮੇਰੇ! ਇਹ ਸਾਡਾ ਪਰਮੇਸ਼ੁਰ ਹੈ। ਇਹ ਸਾਡਾ ਪਰਮੇਸ਼ੁਰ ਹੈ।

240 ਅਤੇ ਧਰਮੀ ਦਾ ਬੀਜ ਖਤਮ ਹੋਣ ਵਾਲਾ ਹੈ। ਇਨ੍ਹਾਂ ਗੱਲਾਂ ਬਾਰੇ ਲੋਕਾਂ ਨਾਲ ਗੱਲ ਕਰੋ। ਲੋਕਾਂ ਨਾਲ ਬਾਈਬਲ ਦੇ ਰਾਹ ਉੱਤੇ ਵਾਪਸ ਜਾਣ ਬਾਰੇ ਗੱਲ ਕਰੋ। ਲੋਕਾਂ ਨਾਲ ਚਮਤਕਾਰਾਂ ਬਾਰੇ ਗੱਲ ਕਰੋ। ਇਸ ਬਾਰੇ ਲੋਕਾਂ ਨਾਲ ਗੱਲ ਕਰੋ। ਉਨ੍ਹਾਂ ਦੀ "ਕਲੀਸਿਯਾ ਇਸ ਤੇ ਵਿਸ਼ਵਾਸ ਨਹੀਂ ਕਰਦੀ," ਇਸ ਲਈ ਉਹ ਪਰਮੇਸ਼ੁਰ ਲਈ, ਹਰਾਮ ਦੀ ਔਲਾਦ ਹਨ। ਬਾਈਬਲ ਨੇ ਕਿਹਾ ਕਿ ਜੇ ਅਸੀਂ ਜ਼ੁਲਮ, ਅਤੇ ਅਜ਼ਮਾਇਸ਼ਾਂ, ਮਖੌਲਾਂ, ਅਤੇ "ਪਵਿੱਤਰ-ਪਖੰਡੀ" ਅਤੇ ਇਸ ਤਰ੍ਹਾਂ ਅਖਵਾਏ ਜਾਣਾ ਬਰਦਾਸ਼ਤ ਨਹੀਂ ਕਰ ਸਕਦੇ, ਇਸ ਤਰ੍ਹਾਂ, ਜੇ ਤੁਸੀਂ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਤਾਂ ਤੁਸੀਂ ਹਰਾਮ ਦੀ ਔਲਾਦ ਹੋ, ਨਾ ਕਿ ਪਰਮੇਸ਼ੁਰ ਦੀ ਔਲਾਦ। ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ।

241 ਜੇ ਤੁਸੀਂ ਚਾਹੁੰਦੇ ਹੋ ਤਾਂ ਮੈਨੂੰ "ਪਵਿੱਤਰ-ਪਖੰਡੀ" ਕਹੋ। ਜੋ ਵੀ ਤੁਸੀਂ ਚਾਹੁੰਦੇ ਹੋ ਮੈਨੂੰ ਕਹੋ। ਜਿੰਨਾ ਚਿਰ ਮੇਰਾ ਦਿਲ ਪਰਮੇਸ਼ੁਰ ਨਾਲ ਸਹੀ ਹੈ, ਅਤੇ ਮੇਰਾ ਅਨੁਭਵ ਪਰਮੇਸ਼ੁਰ ਦੀ ਬਾਈਬਲ ਨਾਲ ਮੇਲ ਖਾਂਦਾ ਹੈ, ਮੈਂ ਉਸੇ ਦਿਸ਼ਾ ਵਿੱਚ ਅੱਗੇ ਵਧ ਰਿਹਾ ਹਾਂ। ਹਾਂ, ਸ਼੍ਰੀਮਾਨ। ਇਹ ਉਹੀ ਹੈ ਜੋ ਅਸੀਂ ਵਿਸ਼ਵਾਸ ਕਰਦੇ ਹਾਂ। ਇਹ ਜਿਉਂਦੇ ਪਰਮੇਸ਼ੁਰ ਦੀ ਕਲੀਸਿਯਾ ਹੈ, ਜੋ ਧਰਮ ਸ਼ਾਸਤਰ ਦੁਆਰਾ ਨਹੀਂ ਆਉਂਦੀ। ਇਹ ਕਿਸੇ ਮਨੁੱਖ ਦੁਆਰਾ ਬਣਾਈ, ਕਿਸੇ ਬੌਧਿਕ ਧਾਰਨਾ ਦੁਆਰਾ ਨਹੀਂ ਆਉਂਦੀ। ਇਹ ਬਿਲਕੁਲ ਉਸ ਪ੍ਰਗਟ ਸੱਚ ਦੁਆਰਾ ਆਉਂਦੀ ਹੈ ਇਹ ਹੈ ਕਿ ਯਿਸੂ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ।

242 ਜੇ ਮੇਰੇ ਕੋਲ ਸਿਰਫ ਇੱਕ ਬੌਧਿਕ ਧਾਰਨਾ ਸੀ, ਕਿਉਂਕਿ ਬੈਪਟਿਸਟ ਕਲੀਸਿਯਾ ਜਾਂ ਮੈਥੋਡਿਸਟ ਕਲੀਸਿਯਾ ਨੇ ਮੈਨੂੰ ਇਹ *ਫਲਾਣੀ-ਫਲਾਣੀ* ਚੀਜ ਸਿਖਾਈ ਸੀ, ਜਦੋਂ ਮੈਂ ਇਹ ਬਾਈਬਲ ਸੁਣਦਾ ਹਾਂ, ਜੇ ਬਾਈਬਲ...ਜੇ ਮੈਂ "ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ" ਦੇ ਨਾਮ ਵਿੱਚ ਬਪਤਿਸਮਾ ਲਿਆ ਹੁੰਦਾ, ਅਤੇ ਇਸ ਬਾਈਬਲ ਨੂੰ ਪੜ੍ਹਿਆ ਹੁੰਦਾ, ਅਤੇ ਇੱਕ ਪ੍ਰਚਾਰਕ ਨੇ ਮੈਨੂੰ ਦੱਸਦਾ ਕਿ ਬਾਈਬਲ ਵਿੱਚ ਕਦੇ ਵੀ ਕਿਸੇ ਨੇ ਯਿਸੂ ਮਸੀਹ ਦੇ ਨਾਮ ਤੋਂ ਅਲਾਵਾ ਹੋਰ ਕਿਸੇ ਵੀ ਤਰ੍ਹਾਂ ਬਪਤਿਸਮਾ ਨਹੀਂ ਲਿਆ, ਅਤੇ ਮੈਂ ਇਸਨੂੰ ਪੜ੍ਹਿਆ ਅਤੇ ਦੇਖਿਆ ਕਿ ਇਹ ਸੱਚ ਸੀ, ਮੈਂ ਜਿੰਨੀ ਤੇਜ਼ੀ ਨਾਲ ਪਾਣੀ ਵੱਲ੍ਹ ਜਾ ਸਕਦਾ ਮੈਂ ਜਾਂਦਾ। ਹਾਂ, ਸ਼੍ਰੀ ਮਾਨ।

243 ਜੇ ਕੋਈ ਮੈਨੂੰ ਦੱਸਦਾ ਕਿ—ਕਿ ਯਿਸੂ ਮਸੀਹ ਇੱਕ ਮਹਾਨ ਚੰਗਾ ਕਰਨ ਵਾਲਾ ਸੀ, ਅਤੇ ਮੇਰੀ ਕਲੀਸਿਯਾ ਮੈਨੂੰ ਦੱਸਦੀ, "ਚਮਤਕਾਰਾਂ ਦੇ ਦਿਨ ਬੀਤ ਚੁੱਕੇ ਸਨ," ਅਤੇ ਮੈਨੂੰ ਚੰਗਾਈ ਦੀ ਲੋੜ ਹੁੰਦੀ, ਉਸ ਵੇਦੀ ਵੱਲ, ਜਿੰਨੀ ਤੇਜ਼ੀ ਨਾਲ ਮੈਂ ਦੋੜ੍ਹ ਸਕਦਾ, ਮੈਂ ਦੌੜਦਾ, ਤਾਂ ਜੋ ਚੰਗਾ ਹੋ ਸਕਾਂ। ਮੈਂ ਯਕੀਨਨ ਇੰਝ ਕਰਦਾ।

244 ਜੇ ਮੈਂ ਇੱਕ ਪ੍ਰਚਾਰਕ ਹੁੰਦਾ, ਅਤੇ ਮੇਰੇ ਮੰਚ ਉੱਤੇ ਇੱਕ—ਇੱਕ ਔਰਤ ਪ੍ਰਚਾਰ ਕਰ ਰਹੀ ਹੁੰਦੀ, ਅਤੇ ਮੈਂ ਬਾਈਬਲ ਵਿਚ ਪੜ੍ਹਦਾ ਅਤੇ ਵੇਖਦਾ ਕਿ ਇਕ ਔਰਤ ਪ੍ਰਚਾਰ ਨਹੀਂ ਕਰ ਸਕਦੀ, ਤਾਂ ਮੈਂ ਉਸ ਨੂੰ ਉੱਥੋਂ ਹਟਾ ਦਿਆਂਗਾ, ਜੇ ਇਹ ਮੇਰੇ ਹੇਠ ਹੁੰਦੀ।

245 ਯਾਦ ਹੈ, ਇੱਕ ਰਾਤ, ਜਿੱਥੇ ਭੈਣ ਰਾਈਟ ਹੈ ਬਿਲਕੁਲ ਉੱਥੇ ਬੈਠਾ ਹੋਇਆ ਸੀ, ਕਿ ਇੱਕ ਔਰਤ ਮੈਨੂੰ ਅਜਿਹਾ ਕੁਝ ਕਰਨ ਲਈ ਦਰਵਾਜ਼ੇ ਤੋਂ ਬਾਹਰ ਸੁੱਟਣ ਵਾਲੀ ਸੀ। ਹਾਂ, ਸ਼੍ਰੀਮਾਨ। ਮੈਂ ਕਿਹਾ ਸੀ, "ਤੁਸੀਂ ਮੇਰੀ ਕਲੀਸਿਯਾ ਵਿੱਚ ਨਹੀਂ ਆ ਸਕਦੇ..." ਜਦੋਂ ਉਹ ਪਹਿਣਦੀਆਂ ਸਨ, ਜਾਂ ਆਪਣੇ ਕੱਪੜੇ ਇਸ ਤਰ੍ਹਾਂ ਹੇਠਾਂ ਤਕ ਕੱਟਦੀਆਂ ਸਨ, ਅਤੇ ਉਹ ਵਚਿੱਤਰ-ਦਿੱਖਣ ਵਾਲੀ

ਚੀਜ਼, ਅਤੇ ਉਹਨਾਂ ਦਾ ਲੱਗਭਗ ਅੱਧਾ ਸਰੀਰ ਨੰਗਾ ਹੁੰਦਾ ਸੀ। ਮੈਂ ਕਿਹਾ, “ਜੇ ਉਹ ਕਦੇ ਵੀ ਮੇਰੀ ਕਲੀਸਿਯਾ ਵਿੱਚ ਆਉਣਗੇ, ਮੈਂ ਉਨ੍ਹਾਂ ਨੂੰ ਜ਼ਰੂਰ ਬਾਹਰ ਕੱਢ ਦਿਆਂਗਾ।” ਅਤੇ ਇੱਥੇ ਕੋਈ ਛੋਟੀ ਜਿਹੀ ਸਨਕੀ-ਔਰਤ ਸੀ, ਉਸ ਤੋਂ ਥੋੜੇ ਹੀ ਸਮੇਂ ਉਸਦੀ ਮੌਤ ਹੋ ਗਈ ਸੀ; ਅਤੇ ਤਦ ਉਸਨੇ ਮੈਨੂੰ ਮਰਦੇ ਵੇਲੇ ਬੁਲਾਇਆ ਸੀ। ਉਹ ਇੱਕ ਕੈਥੋਲਿਕ ਲੜਕੀ ਸੀ, ਉੱਥੇ ਆਈ ਅਤੇ ਇਸ ਤਰ੍ਹਾਂ ਦੇ ਪਹਿਰਾਵੇ ਨਾਲ ਬੈਠ ਗਈ। ਮੈਂ ਪਿੱਛੇ ਮੁੜ ਕੇ ਦੇਖਿਆ, ਅਤੇ ਇੱਥੇ ਬੈਠੇ ਹੋਏ, ਮੈਂ ਉਸ ਤੇ ਨਜਰ ਰੱਖੀ ਹੋਈ ਸੀ, ਅਤੇ ਉਹ ਗਾ ਰਹੇ ਸਨ। ਆਪਣਾ ਕੋਟ ਉਤਾਰਿਆ, ਉੱਥੇ ਗਿਆ, ਇਸ ਨੂੰ ਉਸਦੇ ਮੋਢਿਆਂ ਦੁਆਲੇ ਰੱਖ ਦਿੱਤਾ। ਮੈਂ ਕਿਹਾ, “ਮੈਡਮ, ਜੇ ਤੁਸੀਂ ਮੇਰਾ ਪ੍ਰਚਾਰ ਸੁਣਨ ਜਾ ਰਹੇ ਹੋ, ਤਾਂ ਕਿਰਪਾ ਕਰੇ ਤੁਸੀਂ ਇਸ ਕੋਟ ਨੂੰ ਪਹਿਣ ਲਵੋ ਜੱਦ ਤੁਸੀਂ ਪਰਮੇਸ਼ੁਰ ਦੀ ਕਲੀਸਿਯਾ ਵਿੱਚ ਹੋ।” ਸਮਝੇ? ਯਕੀਨਨ।

246 ਉਹ ਪੈਰ ਪਟਕਦੀ ਹੋਈ ਬਾਹਰ ਚਲੀ ਗਈ, ਅਤੇ ਆਪਣੇ ਬੁੱਲ੍ਹਾਂ ਨੂੰ ਮਰੋੜਿਆ। ਉਹ ਇਮਾਰਤ ਤੋਂ ਬਾਹਰ ਚਲੀ ਗਈ। ਉਸ ਨੇ ਕਿਹਾ, “ਜੇ ਉਸ ਕੋਲ ਕੋਈ ਧਰਮ ਹੈ, ਤਾਂ ਮੈਂ ਆਪਣੀ ਗਾਂ ਨੂੰ ਵੀ ਅਜਿਹਾ ਧਰਮ ਸਵੀਕਾਰ ਨਹੀਂ ਕਰਨ ਦੇਵਾਂਗੀ।”

ਮੈਂ ਕਿਹਾ, “ਚਿੰਤਾ ਨਾ ਕਰੋ, ਉਹ ਇਸ ਨੂੰ ਨਹੀਂ ਲਵੇਗੀ।”

247 ਤਦ ਸਾਡੇ ਕੋਲ ਤੰਬੂ ਸੀ, ਜਦੋਂ ਉਹ ਮਰ ਰਹੀ ਸੀ ਤਾਂ ਉਨ੍ਹਾਂ ਨੇ ਮੈਨੂੰ ਬੁਲਾਇਆ। ਉਸ ਨੂੰ ਦਿਲ ਦਾ ਦੌਰਾ ਪਿਆ ਸੀ, ਅਤੇ ਉਹ ਮਰ ਰਹੀ ਸੀ। ਉਸਦਾ ਪਤੀ ਆਇਆ। ਉਹ, “ਆ ਸਕਦੇ ਹੋ ਤਾਂ, ਜਲਦੀ ਆਓ!” ਅਤੇ ਮੈਂ ਬਿਲਕੁਲ ਸਭਾ ਵਿੱਚ ਸੀ। ਵੱਡਾ, ਲੰਮਾ ਲੜਕਾ, ਦਰਵਾਜ਼ੇ ਤੇ ਖੜ੍ਹਾ, ਮੇਰੀ ਉਡੀਕ ਕਰ ਰਿਹਾ ਸੀ। ਅਤੇ ਮੈਂ ਮੈਂ ਭੱਜਿਆ…

248 ਮੈਂ ਆਪਣੀ ਕਾਰ ਵਿੱਚ ਬੈਠਾ ਅਤੇ ਉਧਰ ਭੱਜਿਆ ਗਿਆ। ਜਿਵੇਂ ਹੀ ਮੈਂ ਉੱਪਰ ਗਿਆ, ਮੈਂ ਉੱਥੇ ਉਸ ਬਜੁਰਗ ਨਰਸ ਨੂੰ ਮਿਲਿਆ, ਜੋ ਹਾਲੇ ਵੀ, ਹਾਵਰਡ ਪਾਰਕ ਵਿੱਚ ਰਹਿੰਦੀ ਹੈ। ਉਸਨੇ ਕਿਹਾ, “ਆਦਰਨੀਯ, ਆਉਣ ਦੀ ਕੋਈ ਲੋੜ ਨਹੀਂ ਹੈ।” ਇਹ ਲਗਭਗ ਵੀਹ ਸਾਲ ਪਹਿਲਾਂ ਦੀ ਗੱਲ ਹੈ, ਸ਼ਾਇਦ ਥੋੜ੍ਹੀ ਪਹਿਲਾਂ ਦੀ। ਕਿਹਾ, “ਉਹ ਮਰ ਗਈ ਹੈ।” ਕਿਹਾ, “ਉਹ ਕਰੀਬ ਤਿੰਨ ਮਿੰਟ ਪਹਿਲਾਂ ਮਰ ਗਈ ਸੀ।” ਕਿਹਾ, “ਉਸਨੇ ਤੁਹਾਡੇ ਲਈ ਜਿੰਨੀ ਜੋਰ ਨਾਲ ਪੁਕਾਰ ਸਕਦੀ ਸੀ ਉਸ ਨੇ ਪੁਕਾਰਿਆ।” ਕਿਹਾ, “ਮੇਰੇ ਕੋਲ ਤੁਹਾਡੇ ਲਈ ਇੱਕ ਸੰਦੇਸ਼ਾ ਹੈ।”

ਮੈਂ ਕਿਹਾ, “ਕੀ?”

249 ਉਸ ਨੇ ਕਿਹਾ, "ਉਸ ਪ੍ਰਚਾਰਕ ਨੂੰ ਕਹਿਣਾ, ਕਿ ਮੈਂ ਉਸ ਬਾਰੇ ਕਿਹਾ ਸੀ, 'ਕਿਰਪਾ ਕਰਕੇ ਮੈਨੂੰ ਮਾਫ਼ ਕਰ ਦੇਣਾ।'"

250 ਮੈਂ ਉਸ ਨੂੰ ਦੇਖਣ ਲਈ ਉੱਥੇ ਗਿਆ। ਸੁੰਦਰ ਔਰਤ; ਅਤੇ ਉਸਨੇ ਬਹੁਤ ਡਾਢਾ ਦੁੱਖ ਝੱਲਿਆ ਸੀ। ਉਸ ਦੇ ਨੱਕ ਦੇ ਆਸ ਪਾਸ ਛੋਟੇ ਛੋਟੇ ਚਟਾਕ ਸਨ; ਇੱਕ ਸੁੰਦਰ ਔਰਤ। ਅਤੇ ਚਟਾਕ, ਇੰਝ ਲੱਗਦੇ ਸਨ, ਜਿਵੇਂ ਬਾਹਰ ਆ ਗਏ ਸਨ। ਅਤੇ ਉਸਦੀਆਂ ਅੱਖਾਂ ਪੂਰੀ ਤਰ੍ਹਾਂ ਬਾਹਰ ਧੱਕ ਦਿੱਤੀਆਂ ਗਈਆਂ ਸਨ, ਅਤੇ ਅੱਧੀਆਂ ਪਿਛਾਂਹ ਮੁੜੀਆਂ ਗਈਆਂ ਸਨ। ਕੋਰਸ, ਉਸ ਦੀਆਂ ਅੰਤੜੀਆਂ ਅਤੇ ਗੁਰਦੇ ਹਿੱਲ ਗਏ ਸਨ, ਅਤੇ ਭਾਫ਼ ਸਾਰੇ ਬਿਸਤਰੇ ਤੇ ਆ ਰਹੀ ਸੀ, ਇਸ ਤਰ੍ਹਾਂ।

251 ਅਤੇ ਉਸਦੇ ਪਤੀ ਨੇ ਮੇਰੇ ਵੱਲ ਦੇਖਿਆ, ਕਿਹਾ, "ਭਾਈ ਬ੍ਰਨਹਾਮ, ਪ੍ਰਾਰਥਨਾ ਕਰੋ, ਕਿਉਂਕਿ ਉਹ ਤੁਹਾਨੂੰ ਮਿਲਣਾ ਚਾਹੁੰਦੀ ਸੀ।"

ਮੈਂ ਕਿਹਾ, "ਹੁਣ ਉਸ ਲਈ ਪ੍ਰਾਰਥਨਾ ਕਰਨ ਦਾ ਕੋਈ ਫਾਇਦਾ ਨਹੀਂ ਹੋਵੇਗਾ।"

252 "ਰੁੱਖ ਦਾ ਝੁਕਾਅ ਜਿਸ ਪਾਸੇ ਨੂੰ ਹੁੰਦਾ ਹੈ, ਉਸੇ ਪਾਸੇ ਡਿੱਗਦਾ ਹੈ।" ਸਮਝੇ? "ਧੋਖਾ ਨਾ ਖਾਓ; ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ। ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ, ਸੋਈਓ ਵੱਢੇਗਾ ਵੀ।"

253 ਕੀ ਤੁਸੀਂ ਦੇਖਦੇ ਹੋ ਕਿ ਇਹ ਕਿੱਥੇ ਹੈ? ਹੁਣ ਕੀ ਹੋਇਆ? ਦੇਖੋ ਇੱਕ ਔਰਤ ਅਜਿਹਾ ਕਰੇਗੀ। ਉਸ ਔਰਤ ਨੂੰ ਵੇਖੋ ਜੋ ਪਹਿਲਾਂ ਰਹਿੰਦੀ ਸੀ, ਗਾਉਣ ਵਾਲੀ ਸੀ, ਉਸਦੀ ਧੀ ਕੀ ਬਣੀ? ਇੱਕ ਫੈਸ਼ਨਪ੍ਰਸਤ। ਫੈਸ਼ਨਪ੍ਰਸਤ ਦੀ ਧੀ ਕੀ ਹੈ? ਇੱਕ ਰੌਕ-ਐਂਡ-ਰੋਲ ਨਾਚ ਕਰਨ ਵਾਲੀ ਕਿਸ਼ੋਰੀ। ਉਸਦੀ ਧੀ ਕੀ ਬਣਨ ਜਾ ਰਹੀ ਹੈ? ਹੂੰ! ਇਹ ਕੀ ਹੈ?

ਧਰਮਿਕਤਾ ਦੇ ਬੀਜ ਨੂੰ ਵੇਖੋ?

254 ਬੈਪਟਿਸਟ ਲੋਕੋ ਆਪਣੇ ਆਪ ਨੂੰ ਵੇਖੋ। ਥੋੜ੍ਹਾ ਚਿਰ ਪਿਛਾਂਹ ਜਾਓ। ਜੌਨ ਸਮਿਥ ਤੇ ਵਾਪਸ ਜਾਓ, ਤੁਹਾਡਾ ਸੰਸਥਾਪਕ, ਤੁਸੀਂ ਬੈਪਟਿਸਟ ਲੋਕੋ। ਜਦੋਂ, ਉਸਨੇ ਲੋਕਾਂ ਦੀ ਬਦੀ ਲਈ ਪ੍ਰਾਰਥਨਾ ਕੀਤੀ, ਜਦੋਂ ਤੱਕ, ਉਹ ਰੋਇਆ ਅਤੇ ਲੋਕਾਂ ਲਈ ਪ੍ਰਾਰਥਨਾ ਕੀਤੀ ਜਦੋਂ ਤੱਕ ਉਸਦੀ ਅੱਖਾਂ ਸੁੱਜ ਕੇ ਬੰਦ ਨਹੀਂ ਹੋ ਗਈਆਂ, ਅਤੇ ਉਸਦੀ ਪਤਨੀ ਨੂੰ ਉਸਨੂੰ ਮੇਜ਼ ਤੇ, ਉਸਦਾ ਨਾਸ਼ਤਾ ਖੁਆਉਣਾ ਪਿਆ।

255 ਅਤੇ ਤੁਸੀਂ ਮੈਥੋਡਿਸਟ ਲੋਕੋ, ਇੱਥੇ ਆਲੇ ਦੁਆਲੇ, ਆਪਣੇ ਨੱਕ ਅਤੇ ਕੰਨਾਂ ਵਿੱਚ ਗਹਿਣਿਆਂ ਪਹਿਣ ਕੇ, ਅਤੇ ਸ਼ੈਤਾਨ ਦੀ ਕਾਠੀ ਵਾਂਗ ਦਿਖਾਈ

ਦਿੰਦੇ ਹਨ; ਅਤੇ ਬਾਹਰ ਜਾਂਦੇ ਹੋ, ਨਿੱਕਰਾਂ ਪਹਿਨਦੇ ਹੋ, ਅਤੇ ਇਸ ਤਰ੍ਹਾਂ ਦੇ ਕੰਮ ਕਰਦੇ ਹੋ! ਜਦੋਂ, ਬਜੁਰਗ ਜੌਨ ਸਮਿਥ, ਮੈਥੋਡਿਸਟ ਕਲੀਸਿਯਾ ਦੇ ਬਜ਼ੁਰਗਾਂ ਵਿੱਚੋਂ ਇੱਕ, ਪਚਾਸੀ ਸਾਲ ਦੀ ਉਮਰ ਵਿੱਚ ਮਰਨ ਤੋਂ ਪਹਿਲਾਂ, ਚਾਰ ਘੰਟਿਆਂ ਦਾ ਇੱਕ ਛੋਟਾ ਜਿਹਾ ਸੰਦੇਸ਼ ਪ੍ਰਚਾਰ ਕੀਤਾ ਸੀ। ਉਨ੍ਹਾਂ ਨੇ ਉਸਨੂੰ ਚੁੱਕ ਕੇ ਮੰਚ ਉੱਤੇ ਬਿਠਾਉਣਾ ਪਿਆ ਸੀ। ਅਤੇ ਇੱਥੇ ਉਸਦੇ ਆਖਰੀ ਸ਼ਬਦ ਸਨ। ਉਸਨੇ ਕਿਹਾ, "ਮੈਂ ਮੈਥੋਡਿਸਟ ਕਲੀਸਿਯਾ ਦੇ ਕੰਮਾਂ ਤੋਂ ਬਹੁਤ ਸਦਮਾ ਲਗਾ ਹੈ।" ਉਸ ਨੇ ਕਿਹਾ ਸੀ, "ਇੱਥੋਂ ਤੱਕ ਕਿ ਮੈਥੋਡਿਸਟ ਕਲੀਸਿਯਾ ਦੀਆਂ ਧੀਆਂ ਵੀ ਆਪਣੀਆਂ ਉਂਗਲਾਂ ਵਿੱਚ ਸੋਨੇ ਦੀਆਂ ਮੁੰਦਰੀਆਂ ਪਹਿਨਦੀਆਂ ਹਨ।" ਉਹ ਹੁਣ ਕੀ ਕਹੇਗਾ, ਜਦੋਂ ਤੁਸੀਂ ਨਿੱਕਰਾਂ ਪਾ ਕੇ, ਗੀਤ ਮੰਡਲੀ ਵਿੱਚ ਗਾਉਂਦੇ ਹੋ?

256 ਤੁਸੀਂ ਵਧੀਆ ਦੌੜ ਰਹੇ ਸੀ? ਕੀ ਹੋ ਗਿਆ? ਤੁਸੀਂ ਆਪਣੀ ਮਾਂ ਵਾਂਗ ਕੰਮ ਕਰ ਰਹੇ ਹੋ। ਬਿਲਕੁਲ ਇਹੀ ਗੱਲ ਹੈ।

257 ਇਹੀ ਕਾਰਨ ਹੈ ਕਿ ਅਸੀਂ ਨਹੀਂ ਚਾਹੁੰਦੇ ਕਿ ਇਹਨਾਂ ਵਿੱਚੋਂ ਕੋਈ ਵੀ ਨਾਮਧਾਰੀ ਕਲੀਸਿਯਾ ਇਸ ਦੇ ਨੇੜੇ ਆਵੇ, ਜਿਸ ਤੇ, ਜਿਸ ਤੇ ਇਹ ਚਿਪਕਿਆ ਹੋਵੇ: "ਅਸੀਂ ਮੈਥੋਡਿਸਟ ਹਾਂ। ਅਸੀਂ ਬੈਪਟਿਸਟ ਹਾਂ।" ਅਸੀਂ ਸਿਰਫ਼ ਮਸੀਹ ਦੇ ਹਾਂ। ਇਸ ਨੂੰ ਇਸ ਤਰ੍ਹਾਂ ਰਹਿਣ ਦਿਓ, ਆਜ਼ਾਦ ਹੋਵੋ।

258 ਹੁਣ, ਸੱਪ ਦਾ ਬੀਜ ਵੇਖ ਰਹੇ ਹੋ? ਇੱਕ ਅਜਿਹੀ ਔਰਤ ਕਦੋਂ ਰੁਕੇਗੀ? ਇਹ ਕੀ ਕਰੇਗਾ? ਕੀ? ਉਹ ਚੱਲਦੇ ਰਹੇ, ਹੇਠਾਂ ਆਉਂਦੇ ਰਹੇ। ਉਨ੍ਹਾਂ ਨੇ ਬੈਪਟਿਸਟ ਲੋਕਾਂ ਨੂੰ ਪਿੱਛੇ ਧੱਕ ਦਿੱਤਾ, ਮੈਥੋਡਿਸਟ ਨੂੰ ਪਿੱਛੇ ਧੱਕ ਦਿੱਤਾ, ਪ੍ਰੈਸਬੀਟੇਰੀਅਨ ਨੂੰ ਪਿੱਛੇ ਧੱਕ ਦਿੱਤਾ। ਉਨ੍ਹਾਂ ਨੇ ਕੀ ਕੀਤਾ? ਉਹ ਸਾਰੇ ਆਪਣੀ ਮਾਂ ਵਾਂਗ, ਪੁਰਾਣੀ ਕੰਜਰੀ ਵਾਂਗ, ਵਾਪਸ ਚਲੇ ਗਏ। ਉਥੇ ਉਹ ਸਾਰੇ, ਇੱਕੋ ਜਿਹੇ ਕੰਜਰਪੁਣਾ ਕਰ ਰਹੇ ਹਨ। "ਅੱਛਾ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਉਨ੍ਹਾਂ ਨੂੰ ਡੁਬਕੀ ਦਿੱਤੀ ਗਈ ਸੀ। ਉਹਨਾਂ ਤੇ ਛਿੜਕਿਆ ਗਿਆ ਸੀ। ਉਹ, ਉਹ ਆਏ ਹਨ, ਇਕਰਾਰ ਕੀਤਾ ਹੈ। ਉਨ੍ਹਾਂ ਨੇ ਆਪਣੀ ਛੇ ਮਹੀਨਿਆਂ ਦੀ ਮਨਾਹੀ ਪੂਰੀ ਕਰ ਲਈ ਹੈ; ਉਨ੍ਹਾਂ ਨੇ ਉਸ ਸਮੇਂ ਦੌਰਾਨ ਬਹੁਤ ਜ਼ਿਆਦਾ ਨਹੀਂ ਪੀਤੀ, ਇਸ ਤਰ੍ਹਾਂ। ਉਨ੍ਹਾਂ ਨੇ ਚੰਗੇ ਮੈਂਬਰ ਹਨ। ਉਹ ਚੰਗੀ ਰਕਮ ਦਿੰਦੇ…" ਔਹ, ਮੇਰੇ! ਇਸ ਦਾ ਆਤਮਾ ਦੇ ਫਲਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

259 ਆਤਮਾ ਦਾ ਫਲ "ਵਿਸ਼ਵਾਸ" ਹੈ, ਇਹ ਵਿਸ਼ਵਾਸ ਕਿ ਯਿਸੂ ਮਸੀਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ ਹੈ; ਭਰਾਵਾਂ ਲਈ "ਪ੍ਰੇਮ"; "ਆਨੰਦ, ਸ਼ਾਂਤੀ, ਸਹਿਨਸ਼ੀਲਤਾ, ਭਲਿਆਈ, ਨਰਮਾਈ, ਧੀਰਜ, ਹਲੀਮੀ, ਸੰਜਮ।" ਇਹ ਚੀਜ਼ਾਂ, ਆਤਮਾ ਦੇ ਫਲ ਹਨ।

260 ਅਤੇ ਅਸੀਂ ਇੱਕ ਆਦਮੀ ਨੂੰ ਲੈਂਦੇ ਹਾਂ, "ਠੀਕ ਹੈ, ਉਹ—ਉਹ ਗੁਆਂਢ ਵਿੱਚ ਇੱਕ ਚੰਗੀ ਜ਼ਿੰਦਗੀ ਜੀਉਂਦਾ ਹੈ।" ਏਸਾਓ ਵੀ ਇਸ ਤਰ੍ਹਾਂ ਕਰਦਾ ਸੀ।

261 ਏਸਾਓ ਨੇ ਕਦੇ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਇਆ, ਅਤੇ ਏਸਾਓ ਸ਼ੈਤਾਨ ਤੋਂ ਸੀ; ਪਰ ਯਾਕੂਬ, ਉਸੇ ਕੁੱਖ ਤੋਂ ਬਾਹਰ ਆਇਆ ਸੀ, ਪਰਮੇਸ਼ੁਰ ਤੋਂ ਸੀ। ਸ਼ੈਤਾਨ ਦਾ ਬੀਜ; ਔਰਤ ਦਾ ਬੀਜ, ਪਰਮੇਸ਼ੁਰ ਦਾ ਬੀਜ ਇਸ ਰਾਹੀਂ ਆਇਆ।

262 ਹੁਣ, ਤੁਸੀਂ ਦੇਖੋ, ਇਹ ਸਭ ਕੁਝ ਇਸ ਤੱਕ ਪਹੁੰਚ ਗਿਆ ਹੈ, ਜੋ ਅੱਜ ਦੁਨੀਆਂ ਵਿੱਚ ਬਚਿਆ ਹੈ? ਮੈਂ ਇਸ ਨੂੰ ਅਸਲ ਸਖਤਾਈ ਨਾਲ ਕਹਿਣ ਜਾ ਰਿਹਾ ਹਾਂ, ਇਸਨੂੰ ਹੇਠਾਂ ਲਿਆਉਣ ਲਈ, ਫਿਰ ਅਸੀਂ ਇਸ ਤੋਂ ਬਾਅਦ, ਅਗਲੀ ਸਭਾ ਵਿੱਚ ਬੇਦਾਰੀ ਸ਼ੁਰੂ ਕਰਾਂਗੇ। ਇਹ ਇੱਕ ਸ਼ਕਲ ਵਿੱਚ ਆ ਗਿਆ ਹੈ। ਅਤੇ, ਕਿਰਪਾ ਕਰਕੇ, ਮੈਂ ਇਸ ਨੂੰ ਅਪਮਾਨ ਲਈ ਨਹੀਂ ਕਹਿੰਦਾ। ਮੈਂ ਇਸਨੂੰ ਨੀਵਾਂ ਦਿਖਾਉਣ ਲਈ ਨਹੀਂ ਕਹਿੰਦਾ। ਇਹ ਇੱਕ ਜਗ੍ਹਾ ਤੇ ਪਹੁੰਚ ਗਿਆ ਹੈ, ਇੱਕ ਵੱਡੇ, ਨਜਾਇਜ਼, ਹਰਾਮ ਦੇ ਬੱਚਿਆਂ ਦੇ ਇੱਕ ਝੁੰਡ ਤਕ। ਇਹ ਮੇਰੀਆਂ ਅੰਤਮ ਟਿੱਪਣੀਆਂ ਹਨ। ਇਹ ਬਿਲਕੁਲ ਉਹੀ ਬਣ ਗਿਆ ਹੈ। ਤੁਸੀਂ ਜਾਣਦੇ ਹੋ ਕਿ ਇਹ ਸੱਚ ਹੈ। ਇਹ ਇੱਕ ਅਜਿਹੀ ਥਾਂ ਤੇ ਆ ਗਿਆ ਹੈ ਜਿੱਥੇ ਇਹ ਕਲੀਸਿਯਾ ਵਿੱਚ ਸ਼ਾਮਿਲ ਹੋਣਾ ਅਤੇ ਕਲੀਸਿਯਾ ਦੇ ਮੈਂਬਰ ਹਨ, "ਭਗਤੀ ਦਾ ਇੱਕ ਰੂਪ ਧਾਰ ਕੇ, ਉਸ ਦੀ ਸ਼ਕਤੀ ਤੋਂ ਇਨਕਾਰ ਕਰਦੇ ਹਨ," ਜਦੋਂ ਤੱਕ ਇਹ ਧਾਰਮਿਕ, ਹਰਾਮ ਦੇ ਬੱਚਿਆਂ ਦੇ ਝੁੰਡ ਤੱਕ ਨਹੀਂ ਆ ਜਾਂਦਾ। ਇਹ ਬਿਲਕੁਲ ਉਹੀ ਹੈ ਜੋ ਇਹ ਹੈ।

263 ਅੱਗੇ ਕੀ ਬਚਿਆ ਹੈ? ਇੱਥੇ ਇੱਕ ਰਾਕੇਟ ਤਿਆਰ ਹੈ, ਉਨ੍ਹਾਂ ਵਿੱਚੋਂ ਕਈ, ਕੋਬਾਲਟ ਬੰਬ ਅਤੇ ਹੋਰ ਸਭ ਕੁਝ। ਉਹ ਬੱਸ ਉਸ ਘੜੀ ਦੇ ਆਉਣ ਦੀ ਉਡੀਕ ਕਰ ਰਹੇ ਹਨ। ਅਤੇ ਅੱਗ ਦੁਆਰਾ ਤਬਾਹੀ ਹੋਵੇਗੀ, ਜਿਵੇਂ ਪਾਣੀ ਦੁਆਰਾ ਹੋਈ ਸੀ।

264 ਅਤੇ, ਦੋਸਤੋ, ਤੁਸੀਂ ਜੋ ਵੀ ਕਰਦੇ ਹੋ, ਜੇ ਤੁਸੀਂ ਇੱਕ ਮਸੀਹੀ ਹੋ ਅਤੇ ਤੁਹਾਡੇ ਦਿਲ ਵਿੱਚ ਪਰਮੇਸ਼ੁਰ ਹੈ, ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲੇ ਗਏ ਹੋ, ਤੁਹਾਨੂੰ ਸਾਰੇ ਸੰਸਾਰ ਵਿੱਚ ਸਭ ਤੋਂ ਖੁਸ਼ ਵਿਅਕਤੀ ਹੋਣਾ ਚਾਹੀਦਾ ਹੈ।

265 ਜਦੋਂ ਤੁਹਾਡੇ ਅੰਦਰ ਪਵਿੱਤਰ ਆਤਮਾ…ਜਦੋਂ ਬਾਈਬਲ ਕਹਿੰਦੀ ਹੈ, "ਯਿਸੂ ਮਸੀਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ": ਨਾਮਧਾਰੀ ਕਲਿਸੀਆਂ ਦਾ ਕਹਿਣਾ ਹੈ, "ਪਰ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਚਮਤਕਾਰ

ਖਤਮ ਹੋ ਗਏ ਹਨ"; ਪਵਿੱਤਰ ਆਤਮਾ ਕਹਿੰਦਾ ਹੈ, "ਆਮੀਨ, ਯਿਸੂ ਮਸੀਹ ਕੱਲ੍ਹ, ਅਤੇ ਸਦਾ ਲਈ ਇੱਕੋ ਜਿਹਾ ਹੈ। ਇਸ ਤਰ੍ਹਾਂ ਹੋਵੇ।"

266 ਜੇ ਬਾਈਬਲ ਕਹਿੰਦੀ ਹੈ, "ਤੋਬਾ ਕਰੋ, ਅਤੇ ਤੁਹਾਡੇ ਵਿੱਚੋਂ ਹਰ ਇੱਕ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ ਪਾਪਾਂ ਦੀ ਮਾਫ਼ੀ ਲਈ, ਤਾਂ ਤੁਸੀਂ ਪਵਿੱਤਰ ਆਤਮਾ ਮਿਲੇਗਾ। ਕਿਉਂਕਿ ਇਹ ਵਾਅਦਾ ਤੁਹਾਡੇ ਨਾਲ, ਅਤੇ ਤੁਹਾਡੇ ਬੱਚਿਆਂ ਨਾਲ, ਪਰਾਈਆਂ ਕੌਮਾਂ ਨਾਲ, ਉਹਨਾਂ ਸਭਨਾ ਨਾਲ ਜੋ ਦੂਰ ਹਨ, ਜਿੰਨੇਆਂ ਨੂੰ ਪ੍ਰਭੂ ਸਾਡਾ ਪਰਮੇਸ਼ੁਰ..." (ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ੁਰ ਬੁਲਾਵੇਗਾ, ਵੇਖੋ, ਉਹ ਨਹੀਂ ਜਿੰਨਿਆਂ ਨੂੰ ਮੈਥੋਡਿਸਟ ਬੁਲਾਉਣਗੇ, ਬੈਪਟਿਸਟ ਬੁਲਾਉਣਗੇ, ਪਰ ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ੁਰ ਬੁਲਾਵੇਗਾ, ਪਵਿੱਤਰ ਆਤਮਾ ਪਾਉਣਗੇ, ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੋ, ਜੋ ਬਾਈਬਲ ਕਹਿੰਦੀ ਹੈ): ਜਦੋਂ ਇਹ ਤੁਹਾਡੇ ਤੇ ਪ੍ਰਗਟ ਹੁੰਦਾ ਹੈ, ਤੁਸੀਂ ਕਹਿੰਦੇ ਹੋ, "ਆਮੀਨ!"

267 ਕਲੀਸਿਯਾ ਨੇ ਕਿਹਾ, "ਔਹ, ਇਸ ਨਾਲ ਕੋਈ ਫਰਕ ਨਹੀਂ ਪੈਂਦਾ।"

268 ਪਰ ਪਵਿੱਤਰ ਆਤਮਾ ਤੁਹਾਡੇ ਅੰਦਰ ਉਸਦੇ ਵਚਨ ਨੂੰ "ਆਮੀਨ" ਕਹੇਗੀ।

269 "ਮਨੁੱਖ ਸਿਰਫ਼ ਰੋਟੀ ਨਾਲ ਨਹੀਂ ਜੀਵੇਗਾ, ਪਰ ਉਹ ਵਚਨ ਜਿਹੜਾ ਪਰਮੇਸ਼ੁਰ ਦੇ ਮੂੰਹੋਂ ਨਿਕਲਦਾ ਹੈ।" ਉਥੇ ਤੁਸੀਂ ਹੋ।

270 ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇੱਕ ਲਿਖਤ ਦਿਖਾਓ ਜਿੱਥੇ ਇਸ ਨੇ ਕਿਹਾ ਹੋਵੇ ਕਿ ਇੱਕ ਸੇਬ ਨੇ ਉਸਦੀ ਸ਼ੁਰੂਆਤ ਕੀਤੀ ਜੋ ਚੀਜ ਹੁਣ ਹੋ ਰਹੀ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਦਿਖਾਓ ਕਿ ਉਨ੍ਹਾਂ ਨੇ ਸੇਬ ਖਾਧੇ ਸਨ। ਮੈਂ ਤੁਹਾਨੂੰ ਦਿਖਾਇਆ ਹੈ ਕਿ ਕਾਇਨ ਕਿੱਥੇ ਇਹੀ ਸੋਚਦਾ ਹੈ, ਅਤੇ ਕਿੱਥੇ ਉਸਦਾ ਬੀਜ ਅਜੇ ਵੀ ਉਹੀ ਸੋਚਦਾ ਹੈ।

271 ਪਰ ਪਰਮੇਸ਼ੁਰ ਦਾ ਆਤਮਿਕ ਪ੍ਰਕਾਸ਼ ਸਾਬਤ ਕਰਦਾ ਹੈ, ਬਾਈਬਲ ਦੁਆਰਾ, ਕਿ ਇਹ ਮਰਦ ਅਤੇ ਔਰਤ ਵਿਚਕਾਰ ਨਾਜਾਇਜ਼, ਜਿਨਸੀ ਸੰਬੰਧ ਸੀ। ਉੱਥੇ ਹੀ ਤੁਹਾਡੇ ਦੈਂਤ ਆਉਂਦੇ ਹਨ। ਇਹ ਉਹ ਥਾਂ ਹੈ ਜਿੱਥੇ ਤੁਹਾਡਾ ਪਾਪ ਆਉਂਦਾ ਹੈ। ਇਹ ਉਹ ਥਾਂ ਹੈ ਜਿੱਥੇ ਤੁਹਾਡਾ ਭ੍ਰਿਸ਼ਟਾਚਾਰ ਆਉਂਦਾ ਹੈ। ਇਹ ਉਹ ਥਾਂ ਹੈ ਜਿੱਥੇ ਇਹ ਹੇਠਾਂ ਆਇਆ ਹੈ।

272 ਹੁਣ ਇਸ—ਇਸ ਸਭ ਵਿਚ ਧਿਆਨ ਦਿਓ, ਸੱਪ ਦੁੱਗਣਾ ਚਲਾਕ ਸੀ। ਉਸਦਾ ਬੀਜ ਹਮੇਸ਼ਾ ਤੋਂ ਦੁੱਗਣਾ ਚਲਾਕ ਰਿਹਾ ਹੈ। ਅਤੇ ਮੈਂ ਇਸ ਮੰਚ ਤੇ ਚੜ੍ਹਨਾ ਅਤੇ ਇਸ ਮਾਈਕ੍ਰੋਫੋਨ ਨੂੰ ਆਪਣੇ ਹੱਥ ਵਿੱਚ ਫੜਨਾ ਚਾਹਾਂਗਾ, ਅਤੇ ਮੇਰੇ ਪੈਰਾਂ ਨੂੰ ਮੰਚ ਉੱਤੇ ਪੱਕੇ ਕਰਾਂਗਾ, ਅਤੇ ਇਹ ਕਹਾਂਗਾ। ਅਤੇ, ਅੱਜ,

ਤੁਹਾਡੇ ਮਹਾਨ ਬੁੱਧੀਜੀਵੀ ਕਿੱਥੇ ਹਨ? ਤੁਹਾਡਾ ਪਾਦਰੀ ਜੋ ਹੇਠਾਂ ਗਿਆ ਹੈ ਅਤੇ ਉਸਨੂੰ ਬਹੁਤ ਸਾਰਾ ਬੌਧਿਕ ਗਿਆਨ ਪ੍ਰਾਪਤ ਹੋਇਆ ਹੈ, ਅਤੇ ਉਹ ਖੜ੍ਹਾ ਹੈ; ਉਹ ਦੇਸ਼ ਵਿੱਚ ਸਭ ਤੋਂ ਵੱਡੇ ਗਿਰਜੇ ਦਾ ਪਾਦਰੀ ਹੈ, ਅਤੇ ਇਸ ਤਰ੍ਹਾਂ ਹੋਰ ਵੀ। ਸੱਪ ਦਾ ਬੀਜ ਕਿੱਥੇ ਖੜ੍ਹਾ ਹੈ? ਉਸ ਵਰਗੇ ਚੁਸਤ ਬੁੱਧੀਮਾਨ ਸਥਾਨਾਂ ਵਿੱਚ; ਚੁਸਤ, ਚਲਾਕ ਵਿਦਵਾਨ। ਉੱਥੇ ਹੀ ਉਹ ਹੈ। ਇਹ ਉਹ ਥਾਂ ਹੈ ਜਿੱਥੇ ਉਹ ਪਿਆ ਹੈ।

273 "ਸ਼ਕਤੀ ਦੁਆਰਾ ਨਹੀਂ, ਜੋਰ ਦੁਆਰਾ ਨਹੀਂ, ਪਰ ਮੇਰੀ ਆਤਮਾ ਦੁਆਰਾ, ਪ੍ਰਭੂ ਆਖਦਾ ਹੈ।" ਸਮਝੇ? ਇੱਥੇ ਹੀ ਤੁਸੀਂ…

274 ਫਿਰ ਤੁਸੀਂ ਕੋਨੇ ਤੇ ਖੜ੍ਹੇ ਛੋਟੇ ਭਾਈ ਨੂੰ ਲਵੋ, ਰੋ ਰੋ ਕੇ ਆਪਣੀਆਂ ਅੱਖਾਂ ਬਾਹਰ ਕੱਢਦਾ ਹੋਇਆ, ਅਤੇ ਸ਼ਾਇਦ ਉੱਥੇ ਖੜ੍ਹਾ ਇੱਕ ਪੁਰਾਣਾ ਗਿਟਾਰ ਕੁੱਟ ਰਿਹਾ ਹੈ, ਕਹਿੰਦਾ ਹੈ, "ਭਾਈ, ਆਓ, ਪ੍ਰਭੂ ਨੂੰ ਲੱਭੋ!"

275 ਪਾਸਟਰ ਕੋਲੋਂ ਲੰਘਦਾ ਹੈ, ਕਹਿੰਦਾ ਹੈ, "ਹੂੰ! ਮੇਰੀ ਮੰਡਲੀ ਨਹੀਂ…ਕਿਉਂ, ਮੈਂ ਸੰਗਤ ਨਹੀਂ ਕਰਾਂਗਾ, ਆਪਣੀ…ਲਿਡੀ ਅਤੇ ਜੌਨੀ ਅਤੇ ਉਨ੍ਹਾਂ ਨੂੰ ਮੈਨੂੰ ਅਜਿਹੀ ਜਗ੍ਹਾ ਦੇ ਨੇੜੇ ਦੇਖਣ ਨਹੀਂ ਦਿਆਂਗਾ।" ਅੱਗੇ ਵਧੋ, ਸ਼ੈਤਾਨ ਦੇ ਬੀਜ, ਤੁਸੀਂ ਆਪਣੀ ਸਦੀਵੀ ਮੰਜ਼ਿਲ ਵੱਲ ਜਾ ਰਹੇ ਹੋ, ਕਿਸੇ ਵੀ ਤਰ੍ਹਾਂ। ਇਹ ਠੀਕ ਹੈ। ਮੈਂ ਉੱਥੇ ਇੱਕ ਹੋਰ ਸ਼ਬਦ ਕਹਿ ਸਕਦਾ ਸੀ, ਅਤੇ "ਹਰਾਮ ਦੇ ਬੱਚੇ" ਕਹਿ ਸਕਦਾ ਸੀ, ਅਤੇ ਇਹ ਉਹੀ ਹੈ ਜਿੱਥੇ ਇਹ ਹੈ। ਕਿਉਂਕਿ, ਤੁਸੀਂ ਦੇਖਦੇ ਹੋ, ਤੁਸੀਂ…

276 "ਕੋਈ ਮੇਰੇ ਕੋਲ ਆ ਨਹੀਂ ਸੱਕਦਾ ਜੇ ਪਿਤਾ ਜਿਹ ਨੇ ਮੈਨੂੰ ਘੱਲਿਆ ਉਹ ਨੂੰ ਨਾ ਖਿੱਚੇ। ਅਤੇ ਉਹ ਸਭ ਜੋ ਮੇਰੇ ਕੋਲ ਆਉਣਗੇ, ਮੈਂ ਅੰਤ ਦੇ ਦਿਨ ਉਨ੍ਹਾਂ ਨੂੰ ਜੀਉਂਦਾ ਉਠਾਵਾਂਗਾ। ਇੱਥੇ ਕੁਝ ਵੀ ਨਾਸ਼ ਨਹੀਂ ਹੋਵੇਗਾ। ਮੈਂ ਸਮਝ ਗਿਆ। ਮੈਂ ਇਸਨੂੰ ਰੱਖਾਂਗਾ। ਇਸ ਨੂੰ ਛੱਡ ਕੇ, ਕੋਈ ਵੀ ਮਨੁੱਖ ਅਜਿਹਾ ਨਹੀਂ ਕਰ ਸਕਦਾ।"

277 ਸਭ ਉਸ ਵਿੱਚ ਵੱਸਦਾ ਹੈ। ਤੁਸੀਂ ਇਹ ਨਹੀਂ ਕਹਿ ਸਕਦੇ, "ਮੈਂ ਇੱਕ ਕੰਮ ਕੀਤਾ ਹੈ।" ਇਹ ਪਰਮੇਸ਼ੁਰ ਦੀ ਦਯਾ ਹੈ ਜਿਸਨੇ ਇਹ ਸਭ ਕੀਤਾ। ਇਸ ਲਈ, ਮੈਂ ਕੁਝ ਨਹੀਂ ਕੀਤਾ। ਮੇਰੇ ਕੋਲ ਕਰਨ ਲਈ ਕਦੇ ਵੀ ਕੋਈ ਚੀਜ਼ ਨਹੀਂ ਸੀ; ਨਾ ਹੀ, ਤੁਹਾਡੇ ਕੋਲ ਸੀ। ਤੁਸੀਂ ਕਦੇ ਵੀ ਇੱਕ ਵੀ ਚੀਜ਼ ਦੇ ਯੋਗ ਨਹੀਂ ਸੀ। ਪਰਮੇਸ਼ੁਰ ਨੇ ਇਸ ਦਾ ਹਰ ਇੱਕ ਕੰਮ ਕੀਤਾ। ਤੁਸੀਂ ਕਦੇ ਵੀ ਇਸਦੇ ਇੱਕ ਹਿੱਸੇ ਲਈ ਆਪਣੀ ਉਂਗਲ ਨਹੀਂ ਮੋੜੀ। ਤੁਸੀਂ ਇਹ ਨਹੀਂ ਕਿਹਾ, "ਅੱਛਾ, ਮੈਂ ਇੱਕ ਚੰਗੇ ਪਰਿਵਾਰ ਵਿੱਚੋਂ ਆਇਆ ਹਾਂ। ਮੈਂ *ਇਹ* ਕੀਤਾ।"

ਇਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਪਰਮੇਸ਼ੁਰ ਹੈ ਜਿਸ ਨੇ ਇਹ ਕੀਤਾ; ਪਰਮੇਸ਼ੁਰ ਦੀ ਦਯਾ।

278 ਹੁਣ ਮੈਂ ਮਾਫ਼ੀ ਚਾਹੁੰਦਾ ਹਾਂ, ਅਜੇ ਗਿਆਰਾਂ ਨਹੀਂ ਵੱਜੇ ਹਨ, ਪਰ ਮੈਂ ਕਿਸੇ ਵੀ ਤਰ੍ਹਾਂ, ਬੰਦ ਕਰਨ ਜਾ ਰਿਹਾ ਹਾਂ। ਸਮਝੇ?

279 ਕਿੰਨੇ ਕੁ ਸਮਝਦੇ ਹਨ ਕਿ ਬਾਈਬਲ ਇਨ੍ਹਾਂ ਗੱਲਾਂ ਨੂੰ ਸੱਚ ਦੱਸਦੀ ਹੈ? ਖਾਸ ਕਰਕੇ, ਤੁਸੀਂ ਬ੍ਰਨਹਾਮ ਟੇਬਰਨੇਕਲ ਦੇ ਲੋਕੋ। ਹੁਣ, ਜੋ ਅਸੀਂ ਸਿਖਾਉਂਦੇ ਹਾਂ ਅਤੇ ਵਿਸ਼ਵਾਸ ਕਰਦੇ ਹਾਂ ਉਸ ਦਾ ਇਹ ਸਿਰਫ਼ ਸੋਲ੍ਹਵਾਂ ਹਿੱਸਾ ਹੈ। ਪਰ, ਯਾਦ ਰੱਖੋ, ਤੁਸੀਂ ਕੋਲ ਖੜ੍ਹੇ ਲੋਕੋ, ਮੈਂ ਇਹ ਕਹਿ ਸਕਦਾ ਹਾਂ, ਤੁਸੀਂ ਲੋਕ ਜੋ ਇੱਥੇ ਮੈਂਬਰ ਵਜੋਂ ਨਹੀਂ ਆਉਂਦੇ। ਜਿਸ ਤਰ੍ਹਾਂ ਅਸੀਂ ਇਹ ਵਿਸ਼ਵਾਸ ਕਰਦੇ ਹਾਂ, ਕਿ *ਇਹ* ਬਾਈਬਲ ਹੈ, ਅਤੇ ਬਾਈਬਲ ਪਰਮੇਸ਼ੁਰ ਦੀ ਸੱਚਾਈ ਹੈ।

280 ਅਤੇ ਅਸੀਂ ਵਿਸ਼ਵਾਸ ਕਰਦੇ ਹਾਂ, ਕਿ, ਪੁਰਾਣੇ ਨੇਮ ਵਿੱਚ, ਹੁਣ, ਉਹਨਾਂ ਕੋਲ ਇਹ ਜਾਣਨ ਦਾ ਇੱਕ ਤਰੀਕਾ ਸੀ ਕਿ ਸੱਚ ਕੀ ਸੀ ਅਤੇ ਕੀ ਸੱਚ ਨਹੀਂ ਸੀ।

281 ਹੁਣ, ਅਸੀਂ ਸਾਰੇ ਜਾਣਦੇ ਹਾਂ ਕਿ ਉਹਨਾਂ ਕੋਲ ਲਿਖਤੀ ਕਾਨੂੰਨ ਸੀ। ਕਿੰਨੇ ਇਹ ਜਾਣਦੇ ਹਨ? ਕਾਨੂੰਨ, ਹੁਕਮ ਸੰਦੂਕ ਵਿੱਚ ਸਨ, ਅਤੇ ਇਸ ਤਰ੍ਹਾਂ ਹੋਰ; ਸਭ ਠੀਕ ਹੈ, ਅਤੇ ਹੁਕਮ ਤੇ ਕਾਨੂੰਨ। ਕਿਹਾ, "ਤੂੰ ਜ਼ਨਾਹ ਨਾ ਕਰ। ਜਿਹੜਾ ਵੀ ਵਿਭਚਾਰ ਕਰਦਾ ਹੈ ਉਸਨੂੰ ਪਥਰਾਓ ਕੀਤਾ ਜਾਵੇ।" ਵੇਖਿਆ? ਜੋ ਹੁਕਮ ਸੀ, ਅਤੇ ਹੁਕਮ ਤੇ ਕਾਨੂੰਨ ਸਨ। ਹੁਣ, ਸੰਦੂਕ *ਇਸ* ਤਰ੍ਹਾਂ ਪਿਆ ਸੀ; ਹੁਕਮ ਉਸ ਦੇ ਅੰਦਰ ਸਨ, ਅਤੇ ਹੁਕਮਾਂ ਦੇ ਕਾਨੂੰਣ ਸੰਦੂਕ ਦੇ ਪਾਸੇ ਦੀਆਂ ਜੇਬਾਂ ਵਿੱਚ ਸਨ। ਜੇ ਮਨੁੱਖ ਇੱਥੇ ਹੇਠਾਂ ਆਵੇ, ਵਿਭਚਾਰ ਕੀਤਾ ਹੋਵੇ; ਇੱਥੇ ਹੇਠਾਂ ਪਹੁੰਚੋ ਅਤੇ ਉਹ ਪ੍ਰਾਪਤ ਕੀਤਾ ਜੋ ਕਾਨੂੰਨ ਨੇ ਕਿਹਾ, "ਉਸ ਨੂੰ ਪੱਥਰ ਮਾਰੋ।" ਉਹ ਉਸਨੂੰ ਬਾਹਰ ਲੈ ਗਏ ਅਤੇ ਉਸਨੂੰ ਪਥਰਾਓ ਕੀਤਾ।ਇਹ ਉਹੀ ਹੈ ਜੋ ਸ਼ਰ੍ਹਾ ਦਾ ਹੁਕਮ ਸੀ।

282 ਹੁਣ ਉਨ੍ਹਾਂ ਕੋਲ ਜਾਣਨ ਦੇ ਦੋ ਹੋਰ ਤਰੀਕੇ ਸਨ। ਪੱਕਾ ਕਰਨ ਲਈ, ਹਮੇਸ਼ਾ ਤਿੰਨ ਹੋਣੇ ਚਾਹੀਦੇ ਹਨ। ਉਹਨਾਂ ਕੋਲ ਜਾਣਨ ਦਾ ਇੱਕ ਹੋਰ ਤਰੀਕਾ ਸੀ, ਅਤੇ ਉਹ ਜਾਂ ਤਾਂ ਇੱਕ ਨਬੀ ਜਾਂ ਇੱਕ ਸੁਪਨਾ ਦੇਖਣ ਵਾਲੇ ਦੁਆਰਾ ਸੀ। ਕਿੰਨੇ ਇਹ ਜਾਣਦੇ ਹਨ? "ਜੇ ਤੁਹਾਡੇ ਵਿੱਚੋਂ ਕੋਈ ਅਜਿਹਾ ਹੈ ਜੋ ਆਤਮਿਕ ਹੈ, ਜਾਂ ਇੱਕ ਨਬੀ ਹੈ, ਮੈਂ ਪ੍ਰਭੂ ਆਪਣੇ ਆਪ ਨੂੰ ਸੁਪਨਿਆਂ ਵਿੱਚ ਉਸਨੂੰ ਪ੍ਰਗਟ ਕਰਾਂਗਾ, ਅਤੇ ਦਰਸ਼ਨਾਂ ਵਿੱਚ ਉਸਦੇ ਨਾਲ ਗੱਲ ਕਰਾਂਗਾ।" ਇਹ ਠੀਕ ਹੈ। ਹੁਣ, ਉਹ ਨਬੀ ਸੀ।

283 ਹੁਣ, ਜੇ ਕੋਈ ਆਦਮੀ ਆਉਂਦਾ ਹੈ, ਕਹਿੰਦਾ ਹੈ, "ਔਹ, ਹਲਲੂਯਾਹ, ਮੈਂ ਸਮਝ ਗਿਆ! ਮੈਂ ਹੁਣ ਪ੍ਰਭੂ ਦੇ ਨਾਮ ਵਿੱਚ ਭਵਿੱਖਬਾਣੀ ਕਰ ਰਿਹਾ ਹਾਂ। ਮੇਰੇ ਤੇ ਪ੍ਰਗਟ ਹੋਇਆ ਹੈ।" ਉਹ ਇਸ ਨੂੰ ਤਰ੍ਹਾਂ ਨਹੀਂ ਜਾਣ ਦਿੰਦੇ ਸਨ, ਜਿਵੇਂ ਤੁਸੀਂ ਲੋਕ ਕਰਦੇ ਹੋ। ਉਹ ਪਹਿਲਾਂ, ਪਰਮੇਸ਼ੁਰ ਦੁਆਰਾ ਇਸ ਦੀ ਜਾਂਚ ਕਰਦੇ ਸਨ।

284 ਹੁਣ, ਹਾਰੂਨ ਦੇ ਸੀਨੇ-ਬੰਦ ਉੱਤੇ ਉਨ੍ਹਾਂ ਕੋਲ ਸੀ ਜਿਸਨੂੰ ਉਹ ਊਰੀਮ ਥੁੰਮੀਮ ਕਹਿੰਦੇ ਸਨ। ਕਿੰਨਿਆਂ ਨੇ ਇਹ ਸ਼ਬਦ ਸੁਣਿਆ ਹੈ? ਇਹ ਕੀ ਸੀ? ਬਾਰ੍ਹਾਂ ਪੱਥਰ ਸਨ, ਹਰ ਪਾਸੇ ਛੇ, ਬਾਰਾਂ ਪੁਰਖਿਆਂ ਦੇ; ਜ਼ਬਰਜਦ, ਯਹੂਦਾਹ, ਅਤੇ ਇਸ ਤਰ੍ਹਾਂ, ਅਤੇ ਹੇਠਾਂ, ਬਾਰ੍ਹਾਂ ਪੱਥਰ ਸਨ। ਅਤੇ ਫਿਰ ਉਹ ਇਸ ਨਬੀ ਨੂੰ, ਜਾਂ ਸੁਪਨੇ ਦੇਖਣ ਵਾਲੇ ਨੂੰ ਲੈਂਦੇ ਸਨ, ਅਤੇ ਉਹ ਇਸ ਸੀਨੇ-ਬੰਦ ਨੂੰ ਟੰਗ ਦਿੰਦੇ ਹਨ, ਅਤੇ ਉਹ ਉਸਨੂੰ ਉਸਦੇ ਸਾਹਮਣੇ ਖੜ੍ਹਾ ਕਰ ਦਿੰਦੇ ਸਨ। ਅਤੇ ਉਹ ਕਹਿੰਦੇ ਸਨ, "ਹੁਣ ਭਵਿੱਖਬਾਣੀ ਕਰ ਅਤੇ ਆਪਣੀ ਭਵਿੱਖਬਾਣੀ ਦੱਸ।"

"ਪ੍ਰਭੂ ਨੇ ਮੇਰੇ ਨਾਲ ਗੱਲ ਕੀਤੀ ਅਤੇ ਫਲਾਣੀ—ਫਲਾਣੀ ਗੱਲ ਕਹੀ।"

285 ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਕਿੰਨਾ ਅਸਲੀ ਲੱਗਦਾ ਹੈ, ਇਹ ਇਸ ਤਰ੍ਹਾਂ ਲੱਗ ਸਕਦਾ ਹੈ ਜਿਵੇਂ ਇਹ ਬਿਲਕੁਲ ਸੱਚ ਹੈ; ਪਰ ਜੇਕਰ ਰੋਸ਼ਨੀਆਂ ਇਕੱਠੀਆਂ ਨਹੀਂ ਹੁੰਦੀਆਂ ਅਤੇ ਸਤਰੰਗੀ ਪੀਂਘ ਦਾ ਰੰਗ ਨਹੀਂ ਬਣਾਉਂਦੀਆਂ ਹਨ, ਤਾਂ ਊਰੀਮ ਥੰਮੀਮ, ਉਹ ਰੋਸ਼ਨੀਆਂ ਇਕੱਠੀਆਂ ਹੋ ਕੇ, ਅਲੌਕਿਕ ਕੰਮ ਕਰਦੇ ਹੋਏ, ਤਸਦੀਕ ਕਰਦੀ ਸੀ। ਦੇਖੋ, ਪਰਮੇਸ਼ੁਰ ਨੇ ਹਮੇਸ਼ਾਂ ਆਪਣੇ ਵਚਨ ਦੀ ਪੁਸ਼ਟੀ ਕੀਤੀ ਹੈ। ਸਮਝੇ? ਅਤੇ ਉਹ ਅਲੌਕਿਕ ਰੋਸ਼ਨੀਆਂ ਉੱਥੇ ਨਹੀਂ ਝਲਕਦੀਆਂ ਸਨ, ਫਿਰ ਮੈਨੂੰ ਪਰਵਾਹ ਨਹੀਂ ਕਿ ਇਹ ਕਿੰਨਾ ਅਸਲੀ ਲੱਗਦਾ ਸੀ, ਇਹ ਗਲਤ ਸੀ।

286 ਜੇਕਰ ਕੋਈ ਸੁਪਨਾ ਦੇਖਣ ਵਾਲਾ ਕਹਿੰਦਾ ਸੀ, "ਮੈਂ ਇੱਕ ਸੁਪਨਾ ਦੇਖਿਆ ਹੈ, ਅਤੇ ਇਹ ਸੁਪਨਾ ਇਹ ਹੈ, ਕਿ, 'ਇਸਰਾਇਲਿਆਂ ਨੂੰ ਅੱਗੇ ਵੱਧਣਾ ਚਾਹੀਦਾ ਹੈ ਅਤੇ ਇੱਕ ਨਿਸ਼ਚਿਤ ਸਥਾਨ ਤੇ ਜਾਣਾ ਚਾਹੀਦਾ ਹੈ, ਕਿਉਂਕਿ ਸੀਰੀਆਈ ਲੋਕ *ਇਸ* ਪਾਸੇ ਆਉਣਗੇ ਅਤੇ ਇਸ ਨੂੰ ਘੇਰਾ ਪਾਉਣਗੇ।'" ਉਹ ਉਸ ਸੁਪਨੇ ਦੇਖਣ ਵਾਲੇ ਨੂੰ ਉੱਥੇ ਲੈ ਗਏ; ਉਸਨੇ ਆਪਣਾ ਸੁਪਨਾ ਦੱਸਿਆ। ਜੇ ਉਹ ਦੀਆਂ ਰੋਸ਼ਨੀਆਂ ਉੱਥੇ ਨਹੀਂ ਟਿਮਟਿਮਾਉਂਦੀਆਂ ਸਨ, ਤਾਂ ਉਹ ਗਲਤ ਸੀ, ਕੋਈ ਫਰਕ ਨਹੀਂ ਪੈਂਦਾ ਕਿੰਨਾ...ਜੇ ਸੀਰੀਆਈ ਪਹਿਲਾਂ ਹੀ ਲੜਾਈ ਵਿਚ ਬੈਠੇ ਸਨ, ਤਾਂ ਉਹ ਗਲਤ ਸੀ। ਨਹੀਂ, ਸ਼੍ਰੀ ਮਾਨ। ਉਹ, ਬਿਲਕੁਲ, ਇਸ ਨੂੰ ਊਰੀਮ ਥੰਮੀਮ ਦੁਆਰਾ ਸਾਬਤ ਕੀਤਾ ਜਾਣਾ ਹੁੰਦਾ ਸੀ।

287 ਹੁਣ ਹਰ ਕੋਈ ਜਾਣਦਾ ਹੈ ਕਿ ਪੁਰਾਣੀ ਜਾਜਕਾਈ ਖ਼ਤਮ ਹੋ ਗਈ ਸੀ, ਖ਼ਤਮ ਕਰ ਦਿੱਤੀ ਗਈ ਸੀ, ਅਤੇ ਊਰੀਮ ਥੰਮੀਮ ਇਸ ਦੇ ਨਾਲ ਚਲਾ ਗਿਆ। ਅਸੀਂ ਇਹ ਜਾਣਦੇ ਹਾਂ, ਕੀ ਅਸੀਂ ਨਹੀਂ ਜਾਣਦੇ?

288 ਅਤੇ ਨਵੀਂ ਜਾਜਕ ਮੰਡਲੀ ਆ ਗਈ ਸੀ। ਕੀ? ਕੀ ਅੱਜ ਸਾਡੇ ਕੋਲ ਊਰੀਮ ਥੰਮੀਮ ਹੈ? ਹਾਂ, ਸ਼੍ਰੀਮਾਨ। ਪਰਮੇਸ਼ੁਰ ਦਾ ਵਚਨ! ਹਾਂ, ਸ਼੍ਰੀਮਾਨ। ਬਸ *ਇਹ* ਹੀ ਹੈ। ਜੇ ਕਿਸੇ ਮਨੁੱਖ ਨੂੰ ਕਿਸੇ ਕਿਸਮ ਦਾ ਕੋਈ ਪ੍ਰਕਾਸ਼ ਹੈ, ਜਾਂ ਕੁਝ ਵੀ ਬੋਲਦਾ ਹੈ, ਜਾਂ ਕੋਈ ਵੀ ਸਿਧਾਂਤ ਜੋ ਇਸਦੇ ਅਨੁਸਾਰ ਨਹੀਂ ਹੈ ਅਤੇ ਮੁਕ-...ਅਤੇ ਇਸ ਬਾਈਬਲ ਦੇ ਉਲਟ ਹੈ, ਪੂਰੇ ਵਚਨ ਵਿੱਚ, ਤਾਂ ਉਹ ਗਲਤ ਹੈ। ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਹੈ ਕਿ ਉਹ ਕਿਹੜਾ ਨਾਮਧਾਰੀ ਵਰਗ ਹੈ, ਉਹ ਕਿੰਨਾ ਚੰਗਾ ਹੈ, ਉਹ ਕਿੰਨਾ ਚੁਸਤ ਹੈ, ਉਹ ਕਿੰਨਾ ਪੜ੍ਹਿਆ ਲਿਖਿਆ ਹੈ; ਉਹ ਗਲਤ ਹੈ।

289 ਅਤੇ ਜਦੋਂ ਕੋਈ ਤੁਹਾਨੂੰ ਇਹ ਗੱਲਾਂ ਦੱਸਦਾ ਹੈ, ਜੋ ਅਸੀਂ ਹੁਣ ਕਲੀਸਿਯਾ ਵਿੱਚ ਸਿਖਾਈ ਹੈ, ਅਤੇ ਤੁਹਾਨੂੰ ਦੱਸਦਾ ਹੈ, ਕਿ, "ਜੇ ਤੁਹਾਡੇ ਤੇ ਛਿੜਕਿਆ ਜਾਂਦਾ ਹੈ, ਤਾਂ ਇਹ ਸਭ ਠੀਕ ਹੈ," ਤਾਂ ਉਸਨੇ ਤੁਹਾਨੂੰ ਝੂਠ ਦੱਸਿਆ ਹੈ। ਇਹ ਊਰੀਮ ਥੰਮੀਮ ਉੱਤੇ ਨਹੀਂ ਚਮਕੇਗਾ। ਜਦੋਂ ਉਹ ਤੁਹਾਨੂੰ ਦੱਸਦਾ ਹੈ, ਕਿ, "ਡੋਲ੍ਹਣਾ ਬਿਲਕੁਲ ਠੀਕ ਹੈ," ਉਸਨੇ ਤੁਹਾਨੂੰ ਝੂਠ ਦੱਸਿਆ ਹੈ। ਉਹ ਤੁਹਾਨੂੰ ਕਹਿੰਦਾ ਹੈ, "'ਪਿਤਾ, ਪੁੱਤਰ, ਪਵਿੱਤਰ ਆਤਮਾ ਦੇ ਨਾਮ ਵਿੱਚ' ਬਪਤਿਸਮਾ ਲੈਣਾ ਠੀਕ ਹੈ," ਉਸਨੇ ਤੁਹਾਨੂੰ ਝੂਠ ਦੱਸਿਆ ਹੈ। ਜੇ ਉਹ ਤੁਹਾਨੂੰ ਦੱਸਦਾ ਹੈ, "ਚਮਤਕਾਰਾਂ ਦੇ ਦਿਨ ਬੀਤ ਚੁੱਕੇ ਹਨ," ਤਾਂ ਉਸਨੇ ਤੁਹਾਨੂੰ ਝੂਠ ਕਿਹਾ ਹੈ। ਜੇ ਉਹ ਤੁਹਾਨੂੰ ਕਹਿੰਦਾ ਹੈ, "ਔਰਤਾਂ ਲਈ ਪ੍ਰਚਾਰ ਕਰਨਾ ਬਿਲਕੁਲ ਠੀਕ ਹੈ," ਤਾਂ ਉਸਨੇ ਤੁਹਾਨੂੰ ਝੂਠ ਕਿਹਾ ਹੈ। ਜੇ ਉਹ ਤੁਹਾਨੂੰ ਕਹਿੰਦਾ ਹੈ, "ਤੁਹਾਡੇ ਲਈ ਇਹ ਸਭ ਠੀਕ ਹੈ ਕਿ ਤੁਸੀਂ ਅੱਗੇ ਵਧੋ ਅਤੇ ਆਪਣੀ ਨਾਮਧਾਰੀ ਕਲੀਸਿਯਾ ਨਾਲ ਜੁੜੇ ਰਹੋ," ਉਸਨੇ ਤੁਹਾਨੂੰ ਝੂਠ ਕਿਹਾ ਹੈ। ਉਰੀਮ ਥੰਮੀਮ ਨਹੀਂ ਚਮਕੇਗਾ। ਅਤੇ ਦਰਜਨਾਂ ਚੀਜ਼ਾਂ ਜੋ ਬਾਹਰ ਆਉਂਦੀਆਂ ਹਨ, ਉਸ ਬੁੱਢੀ "**ਮਾਂ ਕੰਜਰੀ**" ਵਿੱਚ, ਅਤੇ ਹੇਠਾਂ ਆਉਂਦੀਆਂ ਹਨ, ਅਤੇ ਇਸੇ ਕਰਕੇ ਅਸੀਂ ਨਾਮਧਾਰੀ ਕਲਸਿਆ ਤੋਂ ਦੂਰ ਰਹਿੰਦੇ ਹਾਂ।

290 ਅਸੀਂ ਆਪਣੇ ਭੈਣਾਂ ਅਤੇ ਭਰਾਵਾਂ ਨੂੰ ਪਿਆਰ ਕਰਦੇ ਹਾਂ ਜੋ ਉਨ੍ਹਾਂ ਨਾਮਧਾਰੀ ਸੰਪਰਦਾਵਾਂ ਵਿੱਚ ਹਨ। ਅਤੇ ਮੇਰੇ ਲਈ, ਤੁਸੀਂ ਆਪਣੇ ਆਪ ਨੂੰ ਮਸੀਹ ਬਣਾਉਣ ਲਈ, ਇਹ ਨਹੀਂ ਕਹਿੰਦੇ ਹੋ, "ਮੈਂ ਇੱਕ ਮੈਥੋਡਿਸਟ ਹਾਂ।" ਤੁਸੀਂ ਇੱਕ ਮਸੀਹੀ ਹੋ ਕਿਉਂਕਿ ਤੁਸੀਂ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੋਏ ਹੋ। ਤੁਹਾਨੂੰ ਮੈਥੋਡਿਸਟ ਜਾਂ ਬੈਪਟਿਸਟ ਹੋਣ ਦੀ ਲੋੜ ਨਹੀਂ ਹੈ। ਤੁਹਾਨੂੰ ਇਨ੍ਹਾਂ

ਵਿੱਚੋਂ ਕੋਈ ਵੀ ਨਹੀਂ ਹੋਣਾ ਚਾਹੀਦਾ। ਤੁਹਾਨੂੰ ਸਿਰਫ਼ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੋਣਾ ਚਾਹੀਦਾ ਹੈ। ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ?

291 ਇਨ੍ਹਾਂ ਬੁਨਿਆਦਾਂ ਤੇ, ਜੇਕਰ ਕੋਈ ਇੱਥੇ ਹੈ ਅਤੇ ਸਹਿਯੋਗ ਦੇਣਾ ਚਾਹੁੰਦਾ ਹੈ ਅਤੇ ਇਸ ਅਰਾਧਣਾ ਸੰਗਤੀ ਵਿੱਚ ਆਉਣਾ ਚਾਹੁੰਦਾ ਹੈ, ਅਤੇ ਚਾਹੁੰਦਾ ਹੈ—ਡੁਬਕੀ ਲੈਣਾ ਚਾਹੁੰਦਾ ਹੈ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣਾ ਚਾਹੁੰਦਾ ਹੈ, ਇੱਥੇ ਤਲਾਬ ਹੈ। ਉਹ ਇੱਕ ਮਿੰਟ ਵਿੱਚ, ਬਪਤਿਸਮਾ ਦੇ ਦੇਣਗੇ।

292 ਜੇ ਇੱਥੇ ਕੋਈ ਹੈ, ਬਹੁਤ ਸਾਰੇ, ਕੋਈ ਵੀ ਜੋ ਆਉਣਾ ਚਾਹੁੰਦਾ ਹੈ, ਕਿਸੇ ਹੋਰ ਤਰੀਕੇ ਨਾਲ? ਅਸੀਂ ਇੱਥੇ ਹਾਂ। ਇਹ ਠੀਕ ਹੈ।

293 ਹੁਣ, ਸਾਡੇ—ਸਾਡੇ ਕੋਲ ਕੋਈ ਮੈਂਬਰਸ਼ਿਪ ਨਹੀਂ ਹੈ; ਤੁਸੀਂ ਬਸ ਇੱਥੇ ਇਸ ਕਲੀਸੀਯਾ ਵਿੱਚ ਆ ਸਕਦੇ ਹੋ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਮਸੀਹ ਮੈਥੋਡਿਸਟ ਕਲੀਸਿਯਾ, ਬੈਪਟਿਸਟ ਕਲੀਸਿਯਾ, ਪ੍ਰੈਸਬੀਟੇਰੀਅਨ ਕਲੀਸਿਯਾ ਵਿੱਚ ਹੈ। ਉਸ ਕੋਲ ਹਰੇਕ ਵਿੱਚ ਮੈਂਬਰ ਹਨ। ਅਤੇ ਅੱਜ, ਜਿਸ ਚੀਜ਼ ਦੀ ਕਮੀ ਹੈ; ਝੂਠੀ ਭਵਿੱਖਬਾਣੀ ਉਨ੍ਹਾਂ ਚੀਜ਼ਾਂ ਨੂੰ ਬਾਹਰ ਲਿਆਉਂਦੀ ਹੈ, ਉਨ੍ਹਾਂ ਕਲੀਸਿਯਾ ਦੀਆਂ ਸਿੱਖਿਆ, ਜੋ ਬਾਈਬਲ ਦੇ ਬਿਲਕੁਲ ਉਲਟ ਹੈ।

294 ਹੁਣ, ਜੇ ਕੋਈ ਮੇਰੇ ਲਈ ਇਹ ਸਪੱਸ਼ਟ ਕਰਦਾ ਹੈ, ਤਾਂ ਮੈਂ ਜ਼ਰੂਰ ਆਪਣੇ ਆਪ ਨੂੰ...ਮੈਂ ਵਿਸ਼ਵਾਸ ਕਰਦਾ ਹਾਂ ਕਿ ਮੇਰੇ ਅੰਦਰ ਪਰਮੇਸ਼ੁਰ ਦੀ ਬਥੇਰੀ ਆਤਮਾ ਹੈ, ਉਸ ਬਾਈਬਲ ਨੂੰ ਖੋਜਣ ਲਈ ਅਤੇ ਆ ਕੇ ਇਸ ਨੂੰ ਸਹੀ ਕਰਨ ਲਈ। ਜੇ ਮੈਂ ਹੁਣੇ ਆ ਕੇ ਅਤੇ ਪ੍ਰਚਾਰਕ ਨਾਲ ਹੱਥ ਮਿਲਾਉਂਦਾ ਹਾਂ, ਅਤੇ ਕਿਤਾਬ ਵਿੱਚ ਆਪਣਾ ਨਾਮ ਲਿਖਾਉਂਦਾ ਹਾਂ, ਅਤੇ ਮੇਰੇ ਦਿਲ ਵਿੱਚ ਅਜੇ ਵੀ ਨਫ਼ਰਤ ਅਤੇ ਬਦਨੀਤੀ ਹੈ, ਅਤੇ ਅਜੇ ਵੀ ਈਰਖਾ ਅਤੇ ਖੁਦਗਰਜ਼ੀ ਹੈ, ਅਤੇ ਅਜੇ ਵੀ ਯਿਸੂ ਮਸੀਹ ਨੂੰ ਮਹਾਨ ਚੰਗਾ ਕਰਨ ਵਾਲਾ ਮੰਨਣ ਵਿੱਚ ਵਿਸ਼ਵਾਸ ਨਹੀਂ ਕਰਦਾ, ਅਤੇ ਇਸ ਤਰ੍ਹਾਂ ਕਿ, ਮੈਂ ਜਾਂ ਕੇ ਪਰਮੇਸ਼ੁਰ ਨਾਲ ਸਭ ਠੀਕ ਕਰ ਲਵਾਂਗਾ, ਜਿੰਨੀ ਛੇਤੀ ਹੋ ਸਕੇ। ਮੈਨੂੰ ਯਕੀਨ ਹੈ ਕਿ ਮੈਂ ਕਰਾਂਗਾ। ਮੈਂ—ਮੈਂ ਇਸ ਬਾਰੇ ਇਮਾਨਦਾਰ ਹੋਵਾਂਗਾ। ਮੈਂ ਪਰਮੇਸ਼ੁਰ ਨਾਲ ਠੀਕ ਹੋ ਜਾਵਾਂਗਾ। ਜੇ ਮੈਂ ਸਿਰਫ਼ ਇਸ ਲਈ ਰੁਕਿਆ ਰਿਹਾ ਕਿਉਂਕਿ ਮੈਂ ਇੱਕ ਬੈਪਟਿਸਟ ਜਾਂ ਮੈਥੋਡਿਸਟ ਸੀ, ਤਾਂ ਮੈਂ ਹੇਠਾਂ ਜਾਵਾਂਗਾ ਅਤੇ ਆਪਣੇ ਦਿਲ ਵਿੱਚ ਮਸਿਹਟ ਨੂੰ ਗ੍ਰਹਿਣ ਕਰਾਂਗਾ। ਮੈਂ ਇਹ ਕਰਾਂਗਾ। ਹਾਂ, ਸ਼੍ਰੀਮਾਨ।

295 ਹੁਣ ਆਉਣ ਵਾਲੀ ਬੇਦਾਰੀ ਨੂੰ ਯਾਦ ਰੱਖੋ, ਜੋ ਸ਼ੁਰੂ ਹੋਵੇਗਾ, ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਇਸ ਆਉਣ ਵਾਲੇ ਬੁੱਧਵਾਰ ਦੀ ਰਾਤ। ਇਹ ਇਸ ਬੁਨਿਆਦ ਤੇ ਹੈ।

296 ਸੁਣੋ, ਦੋਸਤੋ, ਇੱਕ ਸੱਚਾ ਅਤੇ ਜੀਵਤ ਪਰਮੇਸ਼ੁਰ ਹੈ। ਇਹ ਠੀਕ ਹੈ। ਯਿਸੂ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ। ਪਵਿੱਤਰ ਆਤਮਾ ਅੱਜ ਕਲੀਸਿਯਾ ਵਿੱਚ ਹੈ।

297 ਹੁਣ, ਜੇ ਮੇਰੇ ਕੋਲ ਇਹ ਦੱਸਣ ਲਈ ਕੋਈ ਹੁੰਦਾ, ਤਾਂ ਮੈਨੂੰ ਇਸ ਤੇ ਸ਼ੱਕ ਕਰਨ ਦਾ ਅਧਿਕਾਰ ਹੋਵੇਗਾ। ਪਰ, ਸੁਣੋ। ਇੱਕ ਦਿਨ ਦੂਰ, ਇੱਕ ਛੋਟੇ ਬੱਚੇ ਦੇ ਰੂਪ ਵਿੱਚ, ਮੈਂ ਇੱਕ ਰੁੱਖ ਦੇ ਹੇਠਾਂ ਖੜ੍ਹਾ ਸੀ; ਮੈਂ ਉਸ ਨੂੰ ਦੇਖਿਆ। ਮੈਂ ਉਸ ਨੂੰ ਸੁਣਿਆ। ਉਸਨੇ ਮੈਨੂੰ ਕਿਹਾ, “ਉਨ੍ਹਾਂ ਭ੍ਰਿਸ਼ਟ ਔਰਤਾਂ ਤੋਂ ਦੂਰ ਰਹਿਣਾ। ਸਿਗਰਟਾਂ ਤੋਂ ਦੂਰ ਰਹਿਣਾ। ਗਾਲ੍ਹਾਂ, ਸ਼ਰਾਬ, ਅਤੇ ਅਜਿਹਿਆਂ ਸਾਰੀਆਂ ਚੀਜਾਂ ਤੋਂ ਦੂਰ ਰਹਿਣਾ। ਜਦੋਂ ਤੂੰ ਵੱਡਾ ਹੋਵੇਂਗਾ ਤਾਂ ਮੇਰੇ ਕੋਲ ਤੇਰੇ ਕਰਨ ਲਈ ਇੱਕ ਕੰਮ ਹੈ।” ਮੈਂ ਜਾਣਦਾ ਹਾਂ ਕਿ ਉਹ ਇੱਕ ਅਸਲੀ, ਜੀਵਤ ਪਰਮੇਸ਼ੁਰ ਹੈ ਜੋ ਉਸਦੇ ਵਚਨ ਦੇ ਨਾਲ ਰਹਿੰਦਾ ਹੈ।

298 ਜਦੋਂ ਮੈਂ ਥੋੜਾ ਵੱਡਾ ਹੋਇਆ, ਉਹ ਮੈਨੂੰ ਕਿਵੇਂ ਮਿਲਿਆ, ਉਸਨੇ ਮੇਰੇ ਨਾਲ ਕਿਵੇਂ ਗੱਲ ਕੀਤੀ! ਕਿਵੇਂ ਮੈਂ ਉਸ ਨੂੰ ਉਧਰ, ਬਲਦੀ ਝਾੜੀ ਵਾਂਗ, ਅਤੇ ਉਸ ਅੱਗ ਨੂੰ ਉਧਰ ਘੁੰਮਦਿਆਂ ਦੇਖਿਆ ਹੈ! ਕਿਵੇਂ ਮੈਂ ਉਸਨੂੰ ਬੋਲਦੇ ਅਤੇ ਦੱਸਦਿਆਂ ਦੇਖਿਆ ਹੈ ਕਿ ਕੀ ਹੋਣ ਵਾਲਾ ਹੈ; ਅਤੇ, ਹਰ ਵਾਰ, ਸੰਪੂਰਣ ਤੌਰ ਤੇ ਪੂਰਾ ਹੁੰਦਾ ਹੈ ਜਿਨਾ ਇਹ ਹੋ ਸਕਦਾ ਹੈ, ਇਸ ਤਰ੍ਹਾਂ ਸੰਪੂਰਨ।

299 ਉਹੀ ਜੋ ਉਨ੍ਹਾਂ ਸੰਪੂਰਨ ਚੀਜ਼ਾਂ ਨੂੰ ਇਸ ਤਰ੍ਹਾਂ ਕਹਿੰਦਾ ਹੈ, ਉਹੀ ਉਹ ਹੈ ਜੋ ਮੈਨੂੰ ਇਸ ਬਾਈਬਲ ਨੂੰ ਉਸੇ ਤਰ੍ਹਾਂ ਸਿਖਾਉਣ ਲਈ ਪ੍ਰੇਰਿਤ ਕਰਦਾ ਹੈ ਜਿਵੇਂ ਮੈਂ ਇਸਨੂੰ ਸਿਖਾਉਂਦਾ ਹਾਂ। ਇਹ ਠੀਕ ਹੈ। ਇਸ ਲਈ, ਇਹ ਪਰਮੇਸ਼ੁਰ ਵੱਲੋਂ ਆਉਂਦਾ ਹੈ। ਮੇਰੇ ਲਈ, ਇਹ ਸਰਬਸ਼ਕਤੀਮਾਨ ਪਰਮੇਸ਼ੁਰ ਹੈ, ਅਤੇ ਉਹ ਕੱਲ੍ਹ, ਅੱਜ ਅਤੇ ਸਦਾ ਲਈ, ਇੱਕੋ ਜਿਹਾ ਹੈ।

300 ਯਿਸੂ ਨੇ ਕਿਹਾ, “ਮੈਂ ਪਿਤਾ ਕੋਲੋਂ ਆਇਆ ਹਾਂ, ਅਤੇ ਮੈਂ ਪਿਤਾ ਕੋਲ ਜਾਂਦਾ ਹਾਂ।” ਜਦੋਂ ਉਹ ਆਇਆ…

301 ਜਦੋਂ ਉਹ ਉਜਾੜ ਵਿੱਚ ਪਰਮੇਸ਼ੁਰ ਸੀ, ਉਹ ਇੱਕ ਬਲਦੀ ਹੋਈ ਰੌਸ਼ਨੀ ਸੀ। ਅਤੇ ਕਿੰਨੇ ਲੋਕ ਇਹ ਜਾਣਦੇ ਹਨ? ਉਹ ਬਲਦੀ ਹੋਈ ਰੌਸ਼ਨੀ, ਅੱਗ ਦਾ ਥੰਮ੍ਹ ਸੀ।

302 ਅਤੇ ਉਹ ਇੱਥੇ ਧਰਤੀ ਤੇ ਆਇਆ, ਅਤੇ ਉਸਨੇ ਕਿਹਾ, “ਮੈਂ ਪਿਤਾ ਕੋਲੋਂ ਆਇਆ ਹਾਂ, ਅਤੇ ਮੈਂ ਜਾਂਦਾ ਹਾਂ…ਮੈਂ ਪਰਮੇਸ਼ੁਰ ਕੋਲੋਂ ਆਇਆ ਹਾਂ, ਅਤੇ ਮੈਂ ਪਰਮੇਸ਼ੁਰ ਕੋਲ ਵਾਪਸ ਜਾਂਦਾ ਹਾਂ।”

303 ਜਦੋਂ ਉਹ ਮਰਿਆ, ਦਫ਼ਨਾਇਆ ਗਿਆ, ਦੁਬਾਰਾ ਜੀਉਂਦਾ ਹੋਇਆ, ਅਤੇ ਪੌਲੁਸ ਦੰਮਿਸਕ ਦੇ ਰਸਤੇ ਤੇ ਉਸਨੂੰ ਦੁਬਾਰਾ ਮਿਲਿਆ, ਉਹ ਕੀ ਸੀ? ਅਜੇ ਵੀ ਅੱਗ ਦਾ ਥੰਮ੍ਹ ਹੈ। ਹਾਂ, ਸ਼੍ਰੀਮਾਨ।

304 ਜਦੋਂ ਉਹ ਧਰਤੀ ਉੱਤੇ ਸੀ ਤਾਂ ਉਸਨੇ ਕੀ ਕੀਤਾ? ਜਦੋਂ ਉਹ ਪੌਲੁਸ ਨੂੰ ਮਿਲਿਆ ਤਾਂ ਉਸਨੇ ਕੀ ਕੀਤਾ? ਉਸਨੇ ਉਸਨੂੰ ਕਿਵੇਂ ਭੇਜਿਆ? ਉਸਨੇ ਉਸਨੂੰ ਇੱਕ ਨਬੀ ਕੋਲ ਭੇਜਿਆ ਜਿਸਨੇ ਉਸਨੂੰ ਦੱਸਿਆ ਕਿ ਬਪਤਿਸਮਾ ਕਿਵੇਂ ਲੈਣਾ ਹੈ, ਉਸਨੂੰ ਦੱਸਿਆ ਕਿ ਕੀ ਕਰਨਾ ਹੈ; ਉਸ ਉੱਤੇ ਆਪਣੇ ਹੱਥ ਰੱਖੇ ਅਤੇ ਉਸਨੂੰ ਚੰਗਾ ਕੀਤਾ, ਉਸਨੂੰ ਦੱਸਿਆ ਕਿ ਉਸਨੇ ਇੱਕ ਦਰਸ਼ਣ ਦੇਖਿਆ ਹੈ।

305 ਉਹੀ ਯਿਸੂ ਅੱਜ ਇੱਥੇ ਹੈ, ਉਹੀ ਕੰਮ ਕਰ ਰਿਹਾ ਹੈ, ਅਤੇ ਅਜੇ ਵੀ ਉਹੀ ਅੱਗ ਦਾ ਥੰਮ੍ਹ ਹੈ, ਉਸੇ ਚੀਜ ਸਿਖਾ ਰਿਹਾ ਹੈ, ਅਤੇ ਉਸਦੇ ਵਚਨ ਦੁਆਰਾ, ਅਤੇ ਚਿੰਨ੍ਹਾਂ ਅਤੇ ਅਚੰਭਿਆਂ ਦੁਆਰਾ ਇਸ ਨੂੰ ਸਾਬਿਤ ਕਰ ਰਿਹਾ ਹੈ। ਮੈਂ ਇੱਕ ਮਸੀਹੀ ਬਣ ਕੇ ਬਹੁਤ ਖੁਸ਼ ਹਾਂ, ਮੈਨੂੰ ਨਹੀਂ ਪਤਾ ਕਿ ਮੈਂ ਕੀ ਕਰਾਂ। ਮੈਨੂੰ ਖੁਸ਼ੀ ਹੈ ਕਿ ਤੁਸੀਂ ਇੱਕ ਮਸੀਹੀ ਹੋ।

306 ਅਤੇ ਤੁਸੀਂ, ਇਹ ਜੋ ਡੇਰਾ ਹੈ, ਮੈਂ ਤੁਹਾਨੂੰ ਦੱਸਿਆ ਸੀ ਕਿ ਅਸੀਂ ਇਸਦਾ ਨਾਮ ਬਦਲਣ ਜਾ ਰਹੇ ਹਾਂ। ਇਹ ਬ੍ਰਨਹਾਮ ਟੈਬਰਨੇਕਲ ਸਹੀ ਨਹੀਂ ਹੈ। ਇਹ ਸਿਰਫ ਇੱਕ ਆਦਮੀ ਹੈ, ਵੇਖੋ। ਅਸੀਂ ਇਸਦਾ ਨਾਮ ਬਦਲਣ ਜਾ ਰਹੇ ਹਾਂ, ਇਸਨੂੰ ਕੋਈ ਹੋਰ ਨਾਮ ਦਿਆਂਗੇ। ਅਸੀਂ ਕੁਝ ਸਮੇਂ ਬਾਅਦ, ਇਸ ਵੱਲ੍ਹ ਆਵਾਂਗੇ। ਮੈਂ ਬਸ ਇਹ ਚਾਹੁੰਦਾ ਹਾਂ ਕਿ ਇਹ ਜੀਵਤ ਪਰਮੇਸ਼ੁਰ ਦਾ ਇੱਕ—ਇੱਕ ਕਲੀਸਿਯਾ ਹੋਵੇ। ਮੈਂ ਇਸਨੂੰ ਮੈਥੋਡਿਸਟ, ਬੈਪਟਿਸਟ, ਪ੍ਰੈਸਬੀਟੇਰੀਅਨ, ਪੈਂਟੇਕੋਸਟਲ ਨਹੀਂ ਚਾਹੁੰਦਾ। ਮੈਂ…

307 ਉਹ ਸਾਰੇ ਲੋਕ ਨੂੰ, ਮੈਂ ਆਪਣੇ ਪੂਰੇ ਦਿਲ ਨਾਲ ਪਿਆਰ ਕਰਦਾ ਹਾਂ। ਮੈਨੂੰ ਨਹੀਂ ਪਤਾ ਕਿ ਕਿਹੜਾ ਕੌਣ ਹੈ। ਮੈਂ ਤੁਹਾਨੂੰ ਦੱਸ ਨਹੀਂ ਸਕਦਾ। ਮੈਂ ਕੇਵਲ ਵਚਨ ਦਾ ਪ੍ਰਚਾਰ ਕਰਨਾ ਹੈ। ਮੈਂ ਜਾਲ ਸੁੱਟਦਾ ਹਾਂ ਅਤੇ ਇਸ ਨੂੰ ਅੰਦਰ ਖਿੱਚਦਾ ਹਾਂ। ਇੱਥੇ ਡੱਡੂ ਹਨ, ਅਤੇ ਪਾਣੀ ਦੀਆਂ ਮੱਕੜੀਆਂ ਹਨ, ਅਤੇ ਸੱਪ ਹਨ, ਅਤੇ ਕੁਝ ਮੱਛੀਆਂ ਵੀ ਹਨ। ਇਹ ਫੈਸਲਾ ਕਰਨਾ ਪਰਮੇਸ਼ੁਰ ਉੱਤੇ ਨਿਰਭਰ ਕਰਦਾ ਹੈ। ਮੈਂ ਸਿਰਫ਼ ਜਾਲ ਨੂੰ ਖਿੱਚਦਾ ਹਾਂ, ਕੇਵਲ ਵਚਨ ਦਾ ਪ੍ਰਚਾਰ ਕਰਦਾ ਹਾਂ ਅਤੇ ਇਸਨੂੰ ਅੰਦਰ ਖਿੱਚਦਾ ਹਾਂ, ਅਤੇ ਕਹਿੰਦਾ ਹਾਂ, "ਉਹ ਇੱਥੇ ਹਨ, ਪ੍ਰਭੂ, ਜਗਵੇਦੀ ਦੇ ਆਲੇ ਦੁਆਲੇ। ਤੁਸੀਂ ਆਪਣਿਆਂ ਨੂੰ ਜਾਣਦਾ ਹੋ; ਤੁਸੀਂ ਉਹਨਾਂ ਨੂੰ ਸ਼ੁਰੂਆਤ ਤੋਂ ਜਾਣਦੇ ਹੋ। ਮੈਨੂੰ ਨਹੀਂ ਪਤਾ ਕਿ ਕੌਣ ਕੀ ਹੈ। ਤੁਹਾਨੂੰ ਪਤਾ ਹੈ, ਤਾਂ ਇਹ ਤੁਹਾਡੇ ਤੇ ਨਿਰਭਰ ਕਰਦਾ ਹੈ, ਪ੍ਰਭੂ। ਇਹ ਸਭ

ਤੋਂ ਵਧੀਆ ਹੈ ਜੋ ਮੈਂ ਕਰ ਸਕਦਾ ਹਾਂ। ਮੈਂ ਇੱਥੇ ਜਾਵਾਂਗਾ ਅਤੇ ਹੁਣ ਕਿਤੇ ਹੋਰ ਕੁੰਢੀ ਸੁੱਟਾਂਗਾ, ਅਤੇ ਇੱਕ ਹੋਰ ਸਮੂਹ ਨੂੰ ਅੰਦਰ ਲੈ ਜਾਵਾਂਗਾ। ਮੈਂ ਬੱਸ ਇੰਨਾ ਹੀ ਕਰ ਸਕਦਾ ਹਾਂ।" ਠੀਕ ਹੈ।

ਔਹ, ਮੇਰਾ ਸਫ਼ਰ ਕਰਨ ਦਾ ਮਨ ਕਰ ਰਿਹਾ ਹੈ,
ਮੇਰਾ ਸਫ਼ਰ ਕਰਨ ਦਾ ਮਨ ਕਰ ਰਿਹਾ ਹੈ,
ਮੇਰਾ ਸਵਰਗੀ ਘਰ ਚਮਕਦਾਰ ਅਤੇ ਸੁੰਦਰ ਹੈ,
ਮੇਰਾ ਸਫ਼ਰ ਕਰਨ ਦਾ ਮਨ ਕਰ ਰਿਹਾ ਹੈ।

308 ਹੁਣ ਯਾਦ ਰੱਖੋ, ਜੋ ਕੋਈ ਵੀ ਨਿਯੁਕਤੀ ਚਾਹੁੰਦਾ ਹੈ, ਬਸ ਸ਼੍ਰੀ ਮਾਨ ਮਰਸੀਅਰ ਨੂੰ ਇੱਥੇ ਕਾਲ ਕਰੋ: ਬਟਲਰ 2-1519। [ਟੈਲੀਫੋਨ ਨੰਬਰ ਬਦਲ ਦਿੱਤਾ ਗਿਆ ਹੈ।—ਸੰਪਾ.] ਅਸੀਂ ਤੁਹਾਨੂੰ ਮਿਲ ਕੇ ਖੁਸ਼ ਹੋਵਾਂਗੇ। ਜੇ ਤੁਹਾਡੇ ਅਜ਼ੀਜ਼ ਅੰਦਰ ਆਉਂਦੇ ਹਨ, ਤਾਂ ਬੇਦਾਰੀ ਦੇ ਸਮੇਂ ਦੌਰਾਨ ਜਲਦੀ…ਹੁਣ ਮੈਂ ਜਾ ਰਿਹਾ ਹਾਂ, ਅੱਜ ਰਾਤ ਤੋਂ, ਆਪਣੇ ਕੋਲ ਜਾਣ ਲਈ, ਅਤੇ ਹੁਣ ਦੋ ਦਿਨਾਂ ਲਈ, ਆਪਣੇ ਕੋਲ ਚਲਾ ਜਾਵਾਂਗਾ।

309 ਮੈਂ ਬੱਸ ਉੱਥੇ ਜਾਂਦਾ ਹਾਂ ਅਤੇ ਪੜ੍ਹਾਈ ਕਰਨ ਜਾਂਦਾ ਹਾਂ, ਇਸ ਤਰ੍ਹਾਂ, "ਪ੍ਰਭੂ, ਤੁਸੀਂ ਮੇਰੇ ਨੇੜੇ ਹੋ। ਮੈਨੂੰ ਪਤਾ ਹੈ ਕਿ ਤੁਸੀਂ ਇੱਥੇ ਹੋ। ਅਤੇ ਤੁਹਾਡੇ ਵਚਨ ਨੇ ਕਿਹਾ ਕਿ ਤੁਸੀਂ ਉਨ੍ਹਾਂ ਦੇ ਨੇੜੇ ਆਵੋਗੇ ਜੋ ਤੁਹਾਡੇ ਨੇੜੇ ਆਉਂਦੇ ਹਨ।" ਮੈਂ ਪ੍ਰਾਰਥਨਾ ਕਰਦਾ ਰਹਿੰਦਾ ਹਾਂ ਅਤੇ ਉਦੋਂ ਤੱਕ ਦੇਖਦਾ ਰਹਿੰਦਾ ਹਾਂ ਜਦੋਂ ਤੱਕ ਮੈਂ ਨਹੀਂ ਦੇਖਦਾ ਕਿ ਅੱਗ ਦਾ ਥੰਮ ਹਿੱਲਣਾ ਸ਼ੁਰੂ ਹੋ ਜਾਂਦਾ ਹੈ। ਤਦ ਮੈਨੂੰ ਪਤਾ ਹੁੰਦਾ ਹੈ ਕਿ ਇਹ ਤਿਆਰ ਹੈ। ਫਿਰ ਮੈਂ ਚੰਗਾਈ ਸਭਾ ਲਈ ਮੰਚ ਉੱਤੇ ਆਉਂਦਾ ਹਾਂ, ਪ੍ਰਾਰਥਨਾ ਕਰਨ ਲਈ, ਅਤੇ ਉਹ ਕਰਨ ਲਈ ਜੋ ਮੈਂ ਬੀਮਾਰਾਂ ਅਤੇ ਦੁਖੀ ਲੋਕਾਂ ਦੀ ਮਦਦ ਕਰਨ ਲਈ ਕਰ ਸਕਦਾ ਹਾਂ।

310 ਅਸੀਂ ਹੁਣ ਤੁਹਾਡੀ ਸਾਰੀ ਦਯਾ ਦੀ ਕਦਰ ਕਰਦੇ ਹਾਂ। ਅਤੇ ਜਦੋਂ ਤੁਸੀਂ ਆਉ, ਤਾਂ ਵਿਸ਼ਵਾਸ ਕਰਦੇ ਹੋਏ ਆਓ, ਅਤੇ ਅਸੀਂ ਇੱਕ ਸ਼ਾਨਦਾਰ ਸਭਾ ਦੀ ਉਮੀਦ ਕਰ ਰਹੇ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ…

311 ਭਾਈ ਜੈਫਰੀਜ਼, ਕੀ ਉਹ ਅੱਜ ਰਾਤ ਇੱਥੇ ਹੈ? ਅਸੀਂ ਭਾਈ ਜੈਫਰੀਜ਼ ਅਤੇ ਉਸ ਦੇ ਕੰਮ ਦੀ ਪ੍ਰਸ਼ੰਸਾ ਕਰਨੀ ਚਾਹੁੰਦੇ ਹਾਂ। ਮੇਰਾ ਅੰਦਾਜ਼ਾ ਹੈ ਕਿ ਉਹ ਟਾਪੂਆਂ ਵਿੱਚ ਵਾਪਸ ਚਲਾ ਗਿਆ ਹੈ, ਅਤੇ ਇਸ ਤਰ੍ਹਾਂ।

312 ਭਾਈ ਅਤੇ ਭੈਣ ਰਾਈਟ, ਅਤੇ ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਨੂੰ ਇੱਥੇ ਦੇਖ ਕੇ ਖੁਸ਼ੀ ਹੋਈ ਹੈ।

313 ਅਤੇ ਮੈਂ ਅਟਾਰਨੀ ਰੌਬਰਟਸਨ ਨੂੰ ਇੱਥੇ ਦੇਖਿਆ, ਥੋੜੀ ਦੇਰ ਪਹਿਲਾਂ, ਕੁਝ ਸਮਾਂ ਪਹਿਲਾਂ ਅੰਦਰ ਆਇਆ ਸੀ। ਮੈਂ ਉਸ ਦੇ—ਉਸ ਦੇ ਸੰਦੇਸ਼ ਦੀ

ਤਾਰੀਫ਼ ਕਰਨਾ ਚਾਹੁੰਦਾ ਸੀ ਜੋ ਉਸ ਨੇ ਉਸ ਦਿਨ ਦਿੱਤਾ ਸੀ। ਕਿਸੇ ਨੇ ਇਹ ਨਹੀਂ ਦੱਸਿਆ ਕਿ ਇਹ ਕੌਣ ਸੀ। ਇਹ ਇੱਕ ਸ਼ਰਮ ਦੀ ਗੱਲ ਸੀ। ਉਸ ਕੋਲ ਭਵਿੱਖਬਾਣੀ ਤੇ ਇੱਕ ਅਸਲ ਚੰਗਾ ਸੰਦੇਸ਼ ਸੀ, ਕੁਝ ਅਜਿਹਾ ਜਿਵੇਂ ਮੈਂ ਅੱਜ ਰਾਤ ਨੂੰ ਪ੍ਰਚਾਰ ਕਰ ਰਿਹਾ ਹਾਂ।

314 ਅਤੇ, ਇਸ ਲਈ, ਅੱਜ ਸਵੇਰੇ, ਜਾਂ ਪਿਛਲੀ ਰਾਤ, ਇੱਥੇ ਇੱਕ ਹੋਰ ਸੇਵਕ ਸੀ, ਭਾਈ ਸਮਿਥ, ਮੈਥੋਡਿਸਟ ਕਲੀਸਿਯਾ ਤੋਂ…ਜਾਂ ਇੱਥੋਂ, ਚਰਚ ਆਫ਼ ਗੌਡ ਤੋਂ। ਮੈਨੂੰ ਨਹੀਂ ਪਤਾ ਕਿ ਉਹ ਅੱਜ ਰਾਤ ਇੱਥੇ ਹੈ, ਜਾਂ ਨਹੀਂ। ਜੇ ਤੁਸੀਂ ਕਦੇ ਵੀ ਇਸ ਪ੍ਰਚਾਰ ਮੰਚ ਤੇ ਖੜ੍ਹੇ ਹੋਵੋ ਅਤੇ ਉਸ ਤਰੀਕੇ ਨਾਲ ਪਿੱਛੇ ਵੇਖੋ, ਤਾਂ ਇਹ ਦੱਸਣਾ ਮੁਸ਼ਕਲ ਹੈ; ਇਹ ਪੱਧਰਾ ਹੈ, ਤੁਸੀਂ ਵੇਖਦੇ ਹੋ, ਅਤੇ ਤੁਸੀਂ ਦੱਸ ਨਹੀਂ ਸਕਦੇ। ਜੇਕਰ ਤੁਸੀਂ ਇੱਥੇ ਹੋ, ਭਾਈ ਸਮਿਥ, ਅਸੀਂ ਤੁਹਾਡੀ ਕਦਰ ਕਰਦੇ ਹਾਂ।

315 ਅਤੇ ਕੀ ਇਹ ਨਹੀਂ, ਇੱਥੇ ਬੈਠਾ ਹੈ, ਜਾਰਜੀਆ ਦਾ ਇਹ ਛੋਟਾ ਭਾਈ, ਬਿਲਕੁਲ ਪਿਛਾਂਹ ਭਾਈ ਕੋਲਿਨਜ਼ ਕੋਲ ਬੈਠੇ ਹੋਏ ਹਨ? [ਭਾਈ ਨੇਵਿਲ ਕਹਿੰਦੇ ਹਨ, "ਹਾਂ।"—ਸੰਪਾ.] ਅੱਜ ਰਾਤ ਤੁਹਾਨੂੰ ਇੱਥੇ ਦੁਬਾਰਾ ਦੇਖ ਕੇ ਖੁਸ਼ੀ ਹੋਈ, ਭਾਈ।

316 ਅਤੇ ਬਾਕੀ ਤੁਸੀਂ, ਤੁਸੀਂ ਸਾਰੇ, ਹਰ ਕੋਈ ਜਾਣਦਾ ਹੈ ਕਿ ਤੁਸੀਂ ਕੌਣ ਹੋ।

317 ਮੈਨੂੰ ਯਕੀਨ ਹੈ ਕਿ ਇਹ ਉਹ ਭੈਣ ਅਤੇ ਭਾਈ ਹਨ ਜੋ ਉਸ ਸਮੇਂ ਗਏ ਸਨ ਅਤੇ ਲੜਕੀ ਲਈ ਪ੍ਰਾਰਥਨਾ ਕੀਤੀ ਸੀ, ਬਿਲਕੁਲ ਇੱਥੇ, ਇੱਕ ਡਾਕਟਰ ਇੱਕ ਪਾਸੇ ਬੈਠਾ ਹੋਇਆ ਹੈ। ਪ੍ਰਭੂ ਤੁਹਾਨੂੰ ਅਸੀਸ ਦੇਵੇ, ਡਾਕਟਰ।

318 ਹੁਣ, ਕਿਰਪਾ ਕਰਕੇ ਮੇਰੇ ਉੱਤੇ ਨਾਰਾਜ਼ ਨਾ ਹੋਵੋ, ਤੁਸੀਂ ਸੇਵਕ ਅਤੇ ਭਰਾਵੋ, ਕਿਉਂਕਿ ਜਿਸ ਤਰੀਕੇ ਨਾਲ ਮੈਂ ਸਖਤੀ ਨਾਲ ਇਸ ਨੂੰ ਚਲਾਉਂਦਾ ਹਾਂ ਜਿੰਨੀ ਸਖਤੀ ਮੈਂ ਕਰ ਸਕਦਾ ਹਾਂ। ਇਹ ਸਾਡਾ ਡੇਰਾ ਹੈ। ਇਹ ਉਹ ਹੈ ਜਿਸ ਲਈ ਅਸੀਂ ਖੜੇ ਹਾਂ, ਅਤੇ ਅਸੀਂ ਇਸਨੂੰ ਉਸੇ ਵਚਨ ਤੇ ਰੱਖਣਾ ਚਾਹੁੰਦੇ ਹਾਂ, ਅਤੇ ਉਹਨਾਂ ਨੂੰ ਇਸ ਨਾਲ ਹਿਲਾ ਦੇਣਾ ਚਾਹੁੰਦੇ ਹਾਂ। ਫਿਰ, ਜੇਕਰ ਤੁਸੀਂ ਕਦੇ ਕਤਾਰ ਵਿੱਚੋਂ ਬਾਹਰ ਹੋ ਜਾਂਦੇ ਹੋ, ਤਾਂ ਅਸੀਂ ਵਾਪਸ ਆ ਕੇ ਕਹਾਂਗੇ, "ਤੁਸੀਂ ਬਿਹਤਰ ਜਾਣਦੇ ਹੋ। ਇੱਥੇ ਇਹ ਟੇਪ ਤੇ ਹੈ।" ਸਮਝੇ? ਉਥੇ ਤੁਸੀਂ ਹੋ। "ਇਹ ਟੇਪ ਤੇ ਹੈ।"

319 ਸਾਡੇ ਕੋਲ ਹੋਰ ਬਹੁਤ ਕੁਝ ਹੈ ਜੋ ਉਸ ਵਿੱਚ ਜਾਣਾ ਚਾਹੀਦਾ ਹੈ, ਲੀਓ। ਪਰ, ਪਰ ਅਸੀਂ…ਤੁਹਾਡੇ ਕੋਲ ਬਹੁਤ ਕੁਝ ਹੈ। ਤੁਸੀਂ ਬਿਲਕੁਲ ਇਸ ਦੇ ਨਾਲ ਰਹੋ, ਅਤੇ ਅਸੀਂ ਕੁਝ ਸਮੇਂ ਬਾਅਦ ਇਸਦਾ ਬਾਕੀ ਹਿੱਸਾ ਲੈ ਕੇ ਆਵਾਂਗੇ। ਜਿਵੇਂ ਆਦਮੀ, ਤਰਬੂਜ ਖਾ ਰਿਹਾ ਸੀ, ਕਿਹਾ, "ਇਹ ਸੱਚਮੁੱਚ ਚੰਗਾ ਸੀ,

ਪਰ ਇਸ ਵਿੱਚ ਕੁਝ ਹੋਰ ਵੀ ਹੈ।" ਇਸ ਲਈ ਸਾਡੇ ਕੋਲ ਇਸਦਾ ਹੋਰ ਬਹੁਤ ਕੁਝ ਹੈ, ਅਜੇ ਵੀ, ਜੋ ਆ ਰਿਹਾ ਹੈ।

320 ਪ੍ਰਭੂ ਤੁਹਾਨੂੰ ਅਸੀਸ ਦੇਵੇ, ਹੁਣ ਅਸਲ ਵਿੱਚ ਚੰਗਾ ਹੈ। ਜਦੋਂ ਕਿ ਅਸੀਂ… ਹੁਣ ਅਸੀਂ ਇੱਕ ਬਪਤਿਸਮੇ ਦੀ ਸੇਵਾ ਲੈਣ ਜਾ ਰਹੇ ਹਾਂ। ਕੀ ਇਹ ਸਹੀ ਹੈ, ਭਾਈ ਨੇਵਿਲ? [ਭਾਈ ਨੇਵਿਲ ਕਹਿੰਦਾ ਹੈ, "ਹਾਂ, ਮੈਂ ਅਜਿਹਾ ਹੀ ਸੋਚਦਾ ਹਾਂ।"—ਸੰਪਾ.] ਕੀ ਹੁਣ ਇੱਥੇ ਬਪਤਿਸਮਾ ਲੈਣ ਵਾਲਾ ਕੋਈ ਹੈ? ਸਾਨੂੰ ਫਰਕ ਨਹੀਂ ਪੈਂਦਾ ਕਿ ਤੁਸੀਂ ਕੌਣ ਹੋ; ਅਸੀਂ—ਅਸੀਂ ਬਪਤਿਸਮਾ ਦੇਣ ਲਈ ਇੱਥੇ ਹਾਂ। ਆਪਣੇ ਹੱਥ ਉਠਾਓ, ਜਿਨ੍ਹਾਂ ਨੇ ਬਪਤਿਸਮਾ ਲੈਣਾ ਸੀ। ਕੋਈ, ਮੇਰਾ ਮੰਨਣਾ ਹੈ ਕਿ ਇਹ ਇੱਕ ਸੀ…ਇੱਥੇ ਇੱਕ ਔਰਤ ਹੈ। ਅਤੇ ਕੀ ਕੋਈ ਹੋਰ ਸੀ? ਹੁਣ, ਸਾਡੇ ਕੋਲ ਇੱਥੇ ਮਰਦਾਂ ਅਤੇ ਔਰਤਾਂ ਦੋਵਾਂ ਲਈ ਕੱਪੜੇ ਹਨ।

321 ਹੁਣ, ਅਸੀਂ ਇਹ ਨਹੀਂ ਕਹਿ ਰਹੇ ਹਾਂ, "ਬੈਪਟਿਸਟ ਕਲੀਸਿਯਾ ਨੂੰ ਛੱਡ ਦਿਓ। ਮੈਥੋਡਿਸਟ ਕਲੀਸਿਯਾ ਨੂੰ ਛੱਡ ਦਿਓ।" ਅਸੀਂ ਨਹੀਂ ਕਹਿੰਦੇ। ਤੁਸੀਂ ਤੁਰੰਤ ਆਪਣੀ ਕਲੀਸਿਯਾ ਵਿੱਚ ਵਾਪਸ ਜਾਓ। ਪਰ ਜੇ ਤੁਸੀਂ ਵਚਨ ਦੇ ਅਨੁਸਾਰ, ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਨਹੀਂ ਲਿਆ ਹੈ…ਹੁਣ, ਸਿਰਫ਼ "ਯਿਸੂ" ਦੇ ਨਾਮ ਵਿੱਚ ਨਹੀਂ। "ਪ੍ਰਭੂ ਯਿਸੂ ਮਸੀਹ" ਦੇ ਨਾਮ ਵਿੱਚ, ਇਹ ਵਚਨ ਹੈ। ਤੁਸੀਂ ਗਲਤ ਬਪਤਿਸਮਾ ਲਿਆ ਹੈ।

322 ਜੱਦ ਮੈਂ ਨਦੀ ਤੇ ਆਵਾਂ ਤਾਂ ਮੈਂ ਕੋਈ ਪਰੇਸ਼ਾਨੀ ਨਹੀਂ ਚਾਹੁੰਦਾ। ਜੋ ਮੈਂ ਜਾਣਦਾ ਹਾਂ ਮੈਂ ਸਭ ਕੁਝ ਸਪਸ਼ਟ ਕਰਨਾ ਚਾਹੁੰਦਾ ਹਾਂ, ਜਦੋਂ ਮੈਂ ਉਹ ਟਿਕਟ ਫੜ ਰਿਹਾ ਹਾਂ, ਦੇਖੋ, ਕਿਉਂਕਿ ਮੈਂ ਉਸ ਸਮੇਂ ਸਵਾਰ ਹੋਣਾ ਚਾਹੁੰਦਾ ਹਾਂ। ਮੈਂ ਤੁਹਾਨੂੰ ਅਜਿਹਾ ਕਰਨ ਦੀ ਸਲਾਹ ਦੇਵਾਂਗਾ।

323 ਆਪਣੇ ਕਲੀਸਿਯਾ ਵਿੱਚ ਵਾਪਸ ਜਾਓ। ਇਹ ਤੁਹਾਡੇ ਅਤੇ ਪਰਮੇਸ਼ੁਰ, ਵਿਚਕਾਰ ਹੈ। ਇਹੀ ਸਭ ਮੈਂ ਤੁਹਾਨੂੰ ਦੱਸ ਸਕਦਾ ਹਾਂ।

324 ਪਰ ਵਚਨ ਵਿੱਚ ਕਿਸੇ ਨੇ ਵੀ "ਪ੍ਰਭੂ ਯਿਸੂ ਮਸੀਹ" ਦੇ ਨਾਮ ਤੋਂ ਬਿਨਾਂ ਕਿਸੇ ਹੋਰ ਤਰੀਕੇ ਨਾਲ ਬਪਤਿਸਮਾ ਨਹੀਂ ਲਿਆ। ਅਤੇ ਜਿਨ੍ਹਾਂ ਨੇ ਬਪਤਿਸਮਾ ਲਿਆ ਸੀ, ਉਨ੍ਹਾਂ ਨੂੰ ਸੰਤ ਪੌਲੁਸ ਦੁਆਰਾ ਹੁਕਮ ਦਿੱਤਾ ਗਿਆ, ਜਿਸਨੇ ਕਿਹਾ, "ਜੇ ਕੋਈ ਦੂਤ ਕੁਝ ਹੋਰ ਪ੍ਰਚਾਰ ਕਰੇ, ਤਾਂ ਉਹ ਸ਼ਰਾਪਤ ਹੋਵੇ।" ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਉਣ, ਅਤੇ "ਪ੍ਰਭੂ ਯਿਸੂ ਮਸੀਹ" ਦੇ ਨਾਮ ਵਿੱਚ ਦੁਬਾਰਾ, ਬਪਤਿਸਮਾ ਲੈਣ। ਇਹ ਠੀਕ ਹੈ। ਅਤੇ ਉਸਨੇ ਇਹ ਕੀਤਾ। ਅਤੇ ਜੋ ਉਸਨੇ ਕੀਤਾ, ਉਸਨੇ ਸਾਨੂੰ ਕਰਨ ਲਈ ਹੁਕਮ ਦਿੱਤਾ; ਜੋ ਅਸੀਂ ਕਰਾਂਗੇ, ਜੇ ਪਰਮੇਸ਼ੁਰ ਚਾਹੇ।

ਅਸੀਂ ਪੈਰ ਧੋਣ ਵਿੱਚ ਵਿਸ਼ਵਾਸ ਰੱਖਦੇ ਹਾਂ। ਅਸੀਂ ਪ੍ਰਭੂ ਭੋਜ ਵਿੱਚ ਵਿਸ਼ਵਾਸ ਰੱਖਦੇ ਹਾਂ।

325 ਅਸੀਂ ਮਸੀਹ ਦੇ ਦੂਜੇ ਆਗਮਨ, ਪ੍ਰਤੱਖ ਰੂਪ, ਪ੍ਰਭੂ ਦੀ ਭੌਤਿਕ ਦੇਹ ਵਿੱਚ ਵਿਸ਼ਵਾਸ ਕਰਦੇ ਹਾਂ; ਆਤਮਾ ਨਹੀਂ, ਪਰ ਪ੍ਰਭੂ ਯਿਸੂ ਦਾ ਭੌਤਿਕ ਸਰੀਰ ਦੁਬਾਰਾ ਮਹਿਮਾ ਵਿੱਚ ਆ ਰਿਹਾ ਹੈ।

326 ਅਸੀਂ ਮੁਰਦਿਆਂ ਦੇ ਸਰੀਰਕ ਪੁਨਰਉਥਾਨ ਵਿੱਚ ਵਿਸ਼ਵਾਸ ਕਰਦੇ ਹਾਂ, ਇੱਕ ਸਰੀਰ ਪ੍ਰਾਪਤ ਕਰਨ ਲਈ, ਜਦੋਂ ਅਸੀਂ ਕਬਰ ਵਿੱਚ ਜਾਂਦੇ ਹਾਂ ਤਾਂ ਉਸ ਵਰਗੇ ਬੁੱਢੇ ਅਤੇ ਝੁਰੜੀਆਂ ਵਾਲੇ ਨਹੀਂ; ਪਰ ਇੱਕ ਨਵਾਂ, ਜਵਾਨੀ ਦੇ ਅਨੰਦ ਵਿੱਚ, ਸਦਾ ਲਈ ਜਿਉਣ ਲਈ।

327 ਅਸੀਂ ਆਤਮਾ ਦੀ ਅਮਰਤਾ ਵਿੱਚ ਵਿਸ਼ਵਾਸ ਕਰਦੇ ਹਾਂ, ਬਿਲਕੁਲ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਅਨੰਤ ਜੀਵਨ ਦਾ ਕੇਵਲ ਇੱਕ ਰੂਪ ਹੈ, ਅਤੇ ਇਹ ਉਹ ਜੀਵਨ ਹੈ ਜੋ ਤੁਸੀਂ ਮਸੀਹ ਯਿਸੂ ਤੋਂ ਪ੍ਰਾਪਤ ਕਰਦੇ ਹੋ। ਇਹ ਬਿਲਕੁਲ ਸਹੀ ਹੈ।

328 ਇਸ ਲਈ, ਅਸੀਂ ਇੱਕ ਅਨੰਤ ਸਜ਼ਾ ਵਿੱਚ ਵਿਸ਼ਵਾਸ ਨਹੀਂ ਕਰਦੇ। ਅਸੀਂ ਨਰਕ ਦੀ ਅੱਗ, ਗੰਧਕ ਦੇ ਬਲਣ ਵਿੱਚ ਵਿਸ਼ਵਾਸ ਕਰਦੇ ਹਾਂ, ਪਰ ਅਸੀਂ ਇਹ ਨਹੀਂ ਮੰਨਦੇ ਕਿ ਇਹ ਸਦਾ ਲਈ ਬਲਦੀ ਹੈ; ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਡੇ ਕੋਲ ਅਨੰਤ ਜੀਵਨ ਹੈ। ਕੇਵਲ ਇੱਕ ਹੀ ਅਨੰਤ ਜੀਵਨ ਹੈ; ਜੋ ਪਰਮੇਸ਼ੁਰ ਵੱਲੋਂ ਆਉਂਦਾ ਹੈ। ਅਤੇ ਇਹ ਸਹੀ ਹੈ। ਤੁਸੀਂ ਸਾੜੇ ਜਾਵੋਗੇ, ਸ਼ਾਇਦ ਦਸ ਲੱਖ ਸਾਲਾਂ ਲਈ, ਜਾਂ ਇੱਕ ਕਰੋੜ ਸਾਲਾਂ ਲਈ, ਮੈਂ ਨਹੀਂ ਜਾਣਦਾ, ਪਰ ਤੁਹਾਡੇ ਕੋਲ ਅਨੰਤ ਜੀਵਨ ਨਹੀਂ ਹੋ ਸਕਦਾ। ਤੁਸੀਂ ਸਦਾ ਲਈ ਨਹੀਂ ਸੜ ਸਕਦੇ...ਤੁਸੀਂ ਸਦਾ ਲਈ ਸੜ ਸਕਦੇ ਹੋ, ਪਰ ਅਨੰਤਤਾ ਤਕ ਨਹੀਂ। ਦੇਖੋ, ਅਨੰਤਤਾ ਅਤੇ ਹਮੇਸ਼ਾ ਲਈ ਵਿੱਚ ਇੱਕ ਅੰਤਰ ਹੈ। *ਹਮੇਸ਼ਾ* ਲਈ ਹਮੇਸ਼ਾ ਅਤੇ ਹਮੇਸ਼ਾ ਹੈ, ਇੱਕ ਸੰਗਮ, ਇਸਦਾ ਅਰਥ ਹੈ "ਸਮੇਂ ਦਾ ਅੰਤਰ।" ਪਰ, ਅਨੰਤਤਾ, ਤੁਹਾਡੇ ਕੋਲ ਅਨੰਤ ਸਜ਼ਾ ਨਹੀਂ ਹੈ।

329 ਤੁਹਾਡੇ ਕੋਲ ਅਨੰਤ ਜੀਵਨ ਹੈ, ਕਿਉਂਕਿ ਅਨੰਤ ਜੀਵਨ ਦਾ ਕੇਵਲ ਇੱਕ ਰੂਪ ਹੈ। ਅਤੇ ਜਿਸ ਕੋਲ ਅਨੰਤ ਜੀਵਨ ਹੈ, ਉਹ ਸਦਾ ਲਈ ਜੀਉਂਦਾ ਹੈ ਅਤੇ ਪਰਮੇਸ਼ੁਰ ਦੀ ਬਖਸ਼ਿਸ਼ ਪ੍ਰਾਪਤ ਕਰਦਾ ਹੈ।

330 "ਪਰ ਜੋ ਆਤਮਾ ਪਾਪ ਕਰਦੀ ਹੈ, ਉਹ ਆਤਮਾ..." ਕੀ? [ਕਲੀਸਿਯਾ ਕਹਿੰਦੀ ਹੈ, "ਮਰੇਗੀ।"—ਸੰਪਾ.] ਇਹ ਸਹੀ ਹੈ। ਫਿਰ, ਇਸ ਵਿੱਚ ਅਨੰਤ ਜੀਵਨ ਨਹੀਂ ਹੈ। ਯਕੀਨਨ। ਇਸ—ਇਸ ਕੋਲ ਸਜ਼ਾ ਹੈ, ਪਰ ਅਨੰਤ ਜੀਵਨ ਨਹੀਂ।

331 ਇਸ ਲਈ, ਤੁਸੀਂ ਦੇਖੋ, ਅਜੇ ਬਹੁਤ ਸਾਰੀਆਂ ਚੀਜ਼ਾਂ ਸਿਖਾਈਆਂ ਜਾਣੀਆਂ ਹਨ, ਅਸੀਂ ਬਾਅਦ ਵਿੱਚ ਉਨ੍ਹਾਂ ਤੇ ਆਵਾਂਗੇ। ਪ੍ਰਭੂ ਤੁਹਾਨੂੰ ਅਸੀਸ ਦੇਵੇ।

332 ਹੁਣ ਆਓ ਇਹ ਵਧੀਆ ਪੁਰਾਣਾ ਗੀਤ ਗਾਈਏ, ਜਦ ਸਾਡੀ ਭੈਣ ਉੱਥੇ ਜਾ ਰਹੀ ਹੈ। ਮੇਰਾ ਮੰਨਣਾ ਹੈ ਕਿ ਇਹ ਔਰਤ ਇੱਥੇ…

333 ਰੋਜ਼ੇਲਾ, ਕੀ ਇਹ ਤੁਹਾਡੀ ਮਾਂ ਹੈ? [ਭੈਣ ਰੋਜ਼ੇਲਾ ਕਹਿੰਦੀ ਹੈ, "ਹਾਂ।"—ਸੰਪਾ.] ਕਿਉਂ, ਤੁਹਾਡੇ ਦਿਲ ਨੂੰ ਬਰਕਤ ਮਿਲੇ! ਤੁਹਾਨੂੰ ਦੇਖ ਕੇ ਖੁਸ਼ੀ ਹੋਈ, ਭੈਣ, ਅਜਿਹਾ ਕਰਦੇ ਹੋਏ। ਇਹ ਬਹੁਤ ਵਧੀਆ ਹੈ।

334 ਰੋਜ਼ੇਲਾ ਗ੍ਰਿਫਿਨ, ਸਾਡੇ ਸਭ ਤੋਂ ਵਧੀਆ ਮਿੱਤਰਾਂ ਵਿੱਚੋਂ ਇੱਕ ਹੈ। ਉਹ ਇੱਕ ਨੌਜਵਾਨ ਔਰਤ ਹੈ ਜੋ ਇੱਕ ਸ਼ਰਾਬੀ ਸੀ; ਇੱਥੇ ਤੁਹਾਡੇ ਵਿੱਚੋਂ ਕੁਝ ਲੋਕਾਂ ਲਈ, ਇੱਕ ਅਜਨਬੀ ਹੋ ਸਕਦੀ ਹੈ। ਮੇਰੇ ਇਹ ਦੱਸਣ ਨਾਲ ਰੋਜ਼ੇਲਾ ਨੂੰ ਕੋਈ ਫਰਕ ਨਹੀਂ ਪੈਂਦਾ। ਜਦੋਂ ਉਹ ਮੰਚ ਤੇ ਆਉਂਦੀ ਹੈ—ਜਿਸ ਥਾਂ ਤੇ… ਇੱਥੇ ਇੰਡੀਆਨਾ ਵਿੱਚ। ਤੁਸੀਂ ਕਦੇ ਇੱਕ ਮੰਦ ਭਾਗਾ ਦੇਖਿਆ ਹੈ, ਉਹ ਉਨ੍ਹਾਂ ਵਿੱਚੋਂ ਇੱਕ ਸੀ, ਇੱਕ ਪੱਕੀ ਸ਼ਰਾਬਣ ਸੀ। ਜਿੱਥੇ, ਸ਼ਿਕਾਗੋ ਦੇ ਚਾਰ ਵੱਡੇ ਡਾਕਟਰਾਂ ਨੇ ਕਿਹਾ ਕਿ ਉਹ…ਅਲਕੋਹਲਿਕਸ ਅਨੌਨੀਮਸ ਨਾਮਕ ਸੰਸਥਾ, ਅਤੇ ਹੋਰ ਸਾਰਿਆਂ ਨੇ, ਉਸ ਲਈ ਹਾਰ ਮੰਨ ਲਈ ਸੀ। ਪਰ ਇੱਕ ਰਾਤ ਜਦੋਂ ਉਹ ਸਭਾ ਵਿੱਚ ਆਈ, ਤਾਂ ਪਵਿੱਤਰ ਆਤਮਾ ਨੇ ਉਸਦੀ ਜ਼ਿੰਦਗੀ ਨੂੰ ਉਘਾੜਿਆ ਅਤੇ ਉਸਨੂੰ ਉਥੇ ਹੀ ਦੱਸਿਆ। ਜਿਸ ਨੇ ਇਸ ਦਾ ਨਿਪਟਾਰਾ ਕਰ ਦਿੱਤਾ।

335 ਹੁਣ ਉਸ ਨੂੰ ਦੇਖੋ, ਮੇਰਾ ਅੰਦਾਜ਼ਾ ਹੈ, ਤੀਹ ਜਾਂ ਕੁਝ ਸਾਲ ਦੀ ਉਮਰ ਹੈ, ਅਠਾਰਾਂ ਦੀ ਕਿਹਾ ਜਾ ਸਕਦਾ ਹੈ; ਸੋਹਣੀ, ਸੁੰਦਰ ਮੁਟਿਆਰ। ਉਦੋਂ ਤੋਂ ਕਦੇ ਵਿਸਕੀ ਨਹੀਂ ਚੱਖੀ; ਇਸ ਦੀ ਕੋਈ ਹੋਰ ਇੱਛਾ ਨਹੀਂ। ਮਸੀਹ ਲਈ ਜੀਉਣਾ, ਗਲੀਆਂ ਵਿੱਚ ਘੁੰਮਣਾ, ਹਰ ਜਗ੍ਹਾ, ਪਰਮੇਸ਼ੁਰ ਦੀ ਮਹਿਮਾ ਦੀ ਗਵਾਹੀ ਦਿੰਦੇ ਹੋਏ, ਪਾਪੀਆਂ ਅਤੇ ਸ਼ਰਾਬੀਆਂ ਨੂੰ, ਸਾਰੇ ਨਸ਼ੇੜੀਆਂ ਦੇ ਅੱਡਿਆਂ ਵਿੱਚ, ਅਤੇ ਹੋਰ ਸਭ ਜਗ੍ਹਾ, ਸ਼ਿਕਾਗੋ ਵਿੱਚ, ਪ੍ਰਭੂ ਲਈ ਕੁਝ ਕਰਨ ਲਈ।

336 ਉਸਨੂੰ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ, ਅਤੇ ਉਸਦੀ ਮਾਂ ਵੀ ਅੱਜ ਰਾਤ ਅਜਿਹਾ ਕਰਨ ਲਈ ਆਈ ਹੈ; ਜੇ ਕੋਈ ਪਰਮੇਸ਼ੁਰ ਉਸਨੂੰ ਚੰਗਾ ਕਰ ਸਕਦਾ ਹੈ, ਜੇ ਯਿਸੂ ਉਸਨੂੰ ਚੰਗਾ ਕਰ ਸਕਦਾ ਹੈ… "ਸਭ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਭਾਵੇਂ ਕਰਮ, ਸੱਭੋ ਹੀ ਨਾਮ ਵਿੱਚ ਕਰੋ…" [ਕਲੀਸਿਯਾ ਕਹਿੰਦੀ ਹੈ, "ਯਿਸੂ ਮਸੀਹ।"—ਸੰਪਾ.] ਇਹ ਉਹ ਹੈ ਜੋ ਬਾਈਬਲ ਨੇ ਕਿਹਾ ਹੈ। ਇਹ ਠੀਕ ਹੈ।

337 ਠੀਕ ਹੈ, ਹੁਣ ਅਸੀਂ ਬਪਤਿਸਮੇ ਦੀ ਸੇਵਾ ਕਰਨ ਜਾ ਰਹੇ ਹਾਂ। ਅਸੀਂ ਕੁਝ ਮਿੰਟਾਂ ਲਈ ਲਾਈਟਾਂ ਨੂੰ ਬੰਦ ਕਰਨ ਜਾ ਰਹੇ ਹਾਂ ਜਦ ਅਸੀਂ ਸੇਵਾ ਲਈ ਤਿਆਰੀ ਕਰ ਰਹੇ ਹਾਂ, ਬਪਤਿਸਮੇ ਦੇਣ ਲਈ, ਅਤੇ—ਅਤੇ ਫਿਰ ਅਸੀਂ ਪ੍ਰਭੂ ਵਿੱਚ ਇੱਕ ਚੰਗੇ ਸਮੇਂ ਦੀ ਉਮੀਦ ਕਰਾਂਗੇ।

338 ਕੀ ਤੁਸੀਂ ਅੱਜ ਰਾਤ ਬਪਤਿਸਮੇ ਦੀ ਸੇਵਾ ਕਰਨ ਜਾ ਰਹੇ ਹੋ? ਠੀਕ ਹੈ, ਚੰਗਾ ਹੋਵੇਗਾ—ਚੰਗਾ ਹੋਵੇਗਾ ਤੁਸੀਂ ਤਿਆਰ ਰਹੋ। ਅਤੇ ਮੈਂ ਸ਼ੁਰੂ ਕਰਾਂਗਾ, ਮੈਂ ਗੀਤਾਂ ਅਤੇ ਚੀਜ਼ਾਂ ਦੀ ਅਗਵਾਈ ਕਰਾਂਗਾ ਜਦ ਅਸੀਂ ਅੱਗੇ ਵੱਧ ਰਹੇ ਹਾਂ। ਜਦੋਂ ਉਹ ਬਣਾ ਰਹੇ ਹਨ…[ਭਾਈ ਨੇਵਿਲ ਕਹਿੰਦੇ ਹਨ, "ਕੀ ਪਿੱਛੇ ਕੋਈ ਕੱਪੜੇ ਹਨ, ਡਾਕਟਰ?"—ਸੰਪਾ.] ਬਪਤਿਸਮਾ ਲੈਣ ਵਾਲੇ ਕੱਪੜੇ, ਡਾਕਟਰ, ਜਲਦੀ ਕਰੋ। ਠੀਕ ਹੈ।

339 ਆਓ ਇਹਨਾਂ ਚੰਗੇ ਪੁਰਾਣੇ ਗੀਤਾਂ ਵਿੱਚੋਂ ਇੱਕ ਨੂੰ ਗਾਈਏ…[ਟੇਪ ਉੱਤੇ ਖਾਲੀ ਥਾਂ—ਸੰਪਾ.]

340 ਅਤੇ ਜਦ ਅਸੀਂ ਇਹ ਕਰ ਰਹੇ ਹਾਂ, ਜੱਦ ਅਸੀਂ ਜਾ ਰਹੇ ਹਾਂ, ਸਾਨੂੰ ਕੀ ਕਰਨਾ ਚਾਹੀਦਾ ਹੈ?

ਯਿਸੂ ਦਾ ਨਾਮ ਆਪਣੇ ਨਾਲ ਲੈ ਕੇ,
ਉਹਦੇ ਪੈਰਾਂ ਤੇ ਮੂੰਹ ਭਾਰ ਡਿੱਗਦੇ ਹਾਂ,
ਸਵਰਗ ਵਿੱਚ ਰਾਜਿਆਂ ਦਾ ਰਾਜਾ, ਅਸੀਂ ਉਸਨੂੰ ਤਾਜ ਦੇਵਾਂਗੇ,
ਜਦੋਂ ਸਾਡਾ ਸਫ਼ਰ ਪੂਰਾ ਹੋ ਜਾਵੇਗਾ।

ਠੀਕ ਹੈ, ਆਪਣੇ ਪੈਰਾਂ ਤੇ ਖਲੋ ਜਾਈਏ।

ਯਿਸੂ ਨਾਮ ਨੂੰ ਆਪਣੇ ਨਾਲ ਲੈ ਲਓ,
ਦੁੱਖ ਅਤੇ ਗਮ ਦਾ ਬਾਲਕ;
ਇਹ ਤੁਹਾਨੂੰ ਅਨੰਦ ਅਤੇ ਆਰਾਮ ਦੇਵੇਗਾ…

341 ਮੈਂ ਤੁਹਾਨੂੰ ਦੱਸਾਂਗਾ ਕਿ ਕੀ ਕਰੀਏ। ਆਸੇ ਪਾਸੇ ਮੁੜੋ ਅਤੇ ਉੱਥੇ ਕਿਸੇ ਨਾਲ ਹੱਥ ਮਿਲਾਓ, ਅਤੇ ਕਹੋ, "ਤੁਸੀਂ ਕਿਵੇਂ ਹੋ, ਭਾਈ? ਮੈਨੂੰ ਤੁਹਾਡੇ ਨਾਲ ਸੇਵਾ ਕਰਨ ਵਿੱਚ ਯਕੀਨਨ ਖੁਸ਼ੀ ਹੈ।"

ਅਨਮੋਲ ਨਾਮ, ਔਹ ਕਿੰਨਾ ਮਿੱਠਾ!
…ਅਤੇ ਸਵਰਗ ਦਾ ਅਨੰਦ;
ਅਨਮੋਲ ਨਾਮ, ਅਨਮੋਲ, ਨਾਮ, ਹੇ…

***ਸੱਪ ਦਾ ਬੀਜ*** PUN58-0928E

(The Serpent's Seed)

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਦੀ ਸ਼ਾਮ, 28 ਸਤੰਬਰ, 1958 ਨੂੰ, ਬ੍ਰਨਹਾਮ ਟੈਬਰਨੇਕਲ ਜੇਫਰਸਨਵਿਲ ਵਿੱਚ, ਇੰਡੀਆਨਾ, ਸੰਯੁਕਤ ਰਾਜ ਅਮਰੀਕਾ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2022 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸ਼ੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰੰਿਟਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡੰਿਗਜ® ਵਲੋਂ ਲਖਿਤੀ ਇਜਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

Voice Of God Recordings
P.O. Box 950, Jeffersonville, Indiana 47131 U.S.A.
www.branham.org